

ਖਿਆਲਾਂ ਦੀ ਖ਼ਲਕਤ
ਨਿਸ਼ਾ ਵਰਮਾ



ਵੇਖੀਂ ਕਿਤੇ ਜ਼ਖ਼ਮੀ ਨਾ ਹੋ ਜਾਵੀਂ,,

ਤੈਨੂੰ ਪਤਾ ?

ਤਲਵਾਰਾਂ ਤੋਂ ਤਿੱਖੀਆਂ ਹੁੰਦੀਆਂ ਨੇ

ਕਲਮਾਂ...

# KHIYALAN DI KHALKT

by

NISHA VERMA

Email - nishanishaverma36@gmail.com

@ Nisha verma
All rights reserved

# ਸੁਪਨੇ

ਤੂੰ ਲੱਖ ਕੋਸਿਸਾਂ ਕਰਲੇ ਮੈਨੂੰ ਕੈਦ  ਕਰਨੇ ਦੀ

ਪਰ ਮੇਰੇ ਖਿਆਲ ਤਾਂ ਸਦਾ ਅਜਾਦ ਰਹਿਣੇ

ਤੂੰ ਬੰਦਿਸ਼ਾ ਲਾ

ਚਾਹੇ ਮੇਰੇ ਪੈਰਾਂ ਵਿੱਚ ਬੇੜੀਆਂ ਪਾ

ਮੈਂ ਫ਼ਿਰ ਵੀ ਸੁਪਨੇ ਸਾਕਾਰ ਆਪਣੇ  ਕਰ ਲੈਣੇ।

ਬੇਸ਼ਕ ਮੇਰੇ ਹਰ ਕਦਮ

ਇਹਨਾ ਕੰਡਿਆਂ ਰਾਹੀਂ ਹੋਕੇ ਗੁਜਰਣਗੇ

ਪਰ ਮੈਂ  ਤੁਰਾਂਗੀ

ਆਪਣੇ ਹੱਕਾਂ ਲਈ ਆਵਾਜ ਉਠਾਵਾਂਗੀ

ਸ਼ਾਇਦ ਤਾਹੀ ਤਾਂ ਲੋਕ ਸੁਧਰਣਗੇ?

ਇਹ ਸਮਾਜ ਦੇ ਬਣਾਏ ਰੀਤੀ ਰਿਵਾਜਾਂ ਨੂੰ ਦੇਖ

ਤੂੰ ਵੀ ਕਹਿ ਲੈ  ਜੋ ਅੱਜ ਕੜਵੇ ਬੋਲ ਕਹਿਣੇ।

ਪਰ ਮੈਂ ਰੁਕਣਾ ਨਹੀਂ ,ਮੈ ਥੱਕਣਾ ਨਹੀਂ,

ਮੈਂ ਘੁੱਟ ਸਬਰ ਦੇ ਭਰ ਲੈਣੇ।

ਤੂੰ ਬੰਦਿਸ਼ਾ ਲਾ

ਚਾਹੇ ਮੇਰੇ ਪੈਰਾਂ ਵਿੱਚ ਬੇੜੀਆਂ ਪਾ,

ਮੈਂ ਫ਼ਿਰ ਵੀ ਸੁਪਨੇ ਸਾਕਾਰ ਆਪਣੇ ਕਰ ਲੈਣੇ।

*******

## ਔਰਤ

ਹਰ ਗਜਲ,

ਗੀਤ,

ਤੇ ਹਰ ਸ਼ਾਇਰੀ ਵਿੱਚ

ਇੱਕ ਔਰਤ ਦਾ ਜਿਕਰ ਕੀਤਾ ਜਾਂਦਾ ਹੈ।

ਕਿਉ ਹਰ ਬਾਰ ਇਸ ਅਬਲਾ ਨਾਰੀ ਦਾ,

ਇੱਕ ਨਵਾਂ ਰੂਪ ਦਿਖਾਇਆ ਜਾਂਦਾ ਹੈ।

ਪਰ ਅੱਜ ਤੱਕ ਕੋਈ ਜਾਣ ਨਾ ਸਕਿਆ ਉਸਨੂੰ,

ਉਹ ਕਿਸ ਮਿੱਟੀ ਦੀ ਬਣੀ ਹੋਵੇਗੀ ।

ਸ਼ਾਇਦ ਜਦ

ਹਿੰਮਤ, ਹੌਂਸਲਾ

ਤੇ ਦਰਦ ਵੰਡੇ ਉਸ ਉੱਪਰ ਵਾਲੇ ਨੇ

ਤਦ ਉਹ ਸੀਨਾ ਤਾਣ ਕੇ ਖੜ੍ਹੀ ਹੋਵੇਂਗੀ ।

************

# ਜਦ ਖੁਦ ਨੂੰ ਸ਼ੀਸ਼ੇ ਚ ਨਿਹਾਰਦੀ ਹਾਂ

ਜਦ ਖੁੱਦ ਨੂੰ ਸ਼ੀਸ਼ੇ ਚ ਨਿਹਾਰਦੀ

ਮੈਂ ਆਪਣਾ ਆਪਾ ਖੋ ਬੈਠਦੀ ਹਾਂ

ਖੋਲ ਖਿਆਲਾਂ ਵਾਲ਼ੀ ਪੱਟੜੀ

ਮੈਂ ਅਕਸਰ ਕਦੇ ਕਦੇ ਰੋਂ ਬੈਠਦੀ ਹਾਂ।

ਜਦ ਕੰਮਾਂ ਕਾਰਾ ਚ ਵਿਅਸਤ ਰਹਿੰਦੀ ਹਾਂ

ਤਾਂ ਆਪਣੇ ਆਪ ਚ ਮਸਤ ਰਹਿੰਦੀ ਹਾਂ

ਇਕੱਲਾਪਨ ਮੈਨੂੰ ਰਾਸ ਨਹੀਂ ਆਉਂਦਾ

ਹੰਝੂਆਂ ਨਾਲ ਮਨ ਧੋ ਬੈਠਦੀ ਹਾਂ

ਜਦ ਖੁਦ ਨੂੰ ਸ਼ੀਸ਼ੇ ਚ ਨਿਹਾਰਦੀ

ਮੈਂ ਆਪਣਾ ਆਪਾ ਖੋ ਬੈਠਦੀ ਹਾਂ।

*********

# ਲਫ਼ਜ਼ਾਂ ਦੀ ਦਰਗਾਹ

ਟੁੱਟੇ ਸ਼ਾਇਰ ਮਿਲਣਗੇ

ਤੈਨੂੰ ਕਲਮਾਂ  ਕਸਾਉਂਦੇ

ਗੀਤਕਾਰ ਵੀ ਮਿਲਣਗੇ

ਆਪਣੇ ਦਰਦਾਂ ਨੂੰ ਗਾਉਂਦੇ।

ਦਿਲ ਤੇਰਾ ਵੀ ਦੇਖੀ ਰੋ ਉੱਠੂਗਾ

ਨੈਣਾ ਦੇ ਵਿਚੋ ਤੇਰੇ ਨੀਰ ਛੁੱਟੂਗਾ।

ਜਿਉਂਦੇ ਵੀ ਮਿਲਣਗੇ ਤੈਨੂੰ

ਕਬਰਾਂ ਚ ਸੁੱਤੇ

ਸਧਰਾਂ ਦੇ ਫੁੱਲ

ਜਿੰਨਾ ਗਏ ਨੇ ਲੁੱਟੇ।

ਕਦੇ ਮਿਲੇ ਫੁਰਸਤ ਤੇ ਅਾ ਜਾਵੀਂ

"ਮੇਰੇ ਲਫ਼ਜਾ ਦੀ ਦਰਗਾਹ" ਉੱਤੇ..,,

*********

# ਇੱਕ ਕਦਮ ਅੱਗੇ

ਜਿੰਦਗੀ ਵਿੱਚ ਸੰਘਰਸ਼ ਬੜੇ ਨੇ

ਮਿਹਨਤ ਨਾਲ ਗੱਲ ਪਾਰ ਬਣੂ

ਆਪਾ ਅਪਣੀ ਕੋਸਿਸ ਤਾਂ ਕਰਦੇ ਰਹੀਏ

ਕਦੇ ਤਾਂ ਬੇੜਾ ਪਾਰ ਲੰਘੂ।

ਰਾਹਾਂ ਦੇ ਵਿਚ ਮਿਲਣੇ ਕੰਡੇ

ਕੋਈ ਵੀ ਰਸਤਾ ਸਾਫ ਨਹੀਂ

ਚੱਲ ਯਾਰਾਂ ਇੱਕ ਕਦਮ ਅੱਗੇ ਵਧੀਏ

ਬੈਠੇ ਤੋ ਮਿਲਣਾ ਇਨਸਾਫ ਨਹੀਂ।

ਪਿੱਛੇ ਗਿਰਾਉਣ ਦੀ ਕੋਸ਼ਿਸ਼ ਕਰੁ ਜਮਾਨਾ

ਪਰ ਆਪਾ ਹਿੰਮਤ ਨਾ ਹਾਰਨੀ ਏ

ਜਦ ਜਿੰਦਗੀ ਚ ਕੁੱਛ ਬਣਗੇ ਯਾਰਾ

ਫ਼ਿਰ ਖੁਦ ਦੀ ਨਜਰ ਉਤਾਰਨੀ ਏ

ਦਿਲ ਚ ਦਬਾ ਕਈ ਰੱਖੇ ਅਰਮਾਨ

ਜਿੰਨਾ ਦੀ ਪਹਿਲਾ ਕੱਢਣੀ ਭਾਫ਼ ਨਹੀਂ

ਚੱਲ ਯਾਰਾਂ ਇੱਕ ਕਦਮ ਅੱਗੇ ਵਧੀਏ

ਬੈਠੇ ਤੋਂ ਮਿਲਣਾ ਇਨਸਾਫ ਨਹੀਂ।

*******

# ਕਾਸ਼ ਮੈਂ ਦਿਲ ਦੀ ਅਵਾਜ ਸੁਣ ਲੈਂਦਾ

ਹਰ ਇੱਕ ਸ਼ਬਦ ਦੀ ਤੁਕਾਂਤ ਨੂੰ ਪਹਿਚਾਣਦਾ

ਜੇ ਅਣਕਹੇ ਸ਼ਬਦਾ ਦੀ ਸੁਰਿਲੀ ਧੁਨ ਸੁਣ ਲੈਂਦਾ

ਕਾਸ਼ ! ਮੈਂ ਦਿਲ ਦੀ ਅਵਾਜ ਸੁਣ ਲੈਂਦਾ।

ਸੁਖ ਤੇ ਸ਼ਾਂਤੀ ਦਾ ਅਨੰਦ ਮਾਣਦਾ

ਜੇ ਕਵਿਤਾ ਦੀ ਲਹਿਰ ਵਿਚ ਮਨ ਦੀ ਸਾਂਝ ਸੁਣ ਲੈਂਦਾ

ਕਾਸ਼ ! ਮੈਂ ਦਿਲ ਦੀ ਅਵਾਜ ਸੁਣ ਲੈਂਦਾ।

ਅੱਜ ਸਕਸੈਸ ਵਾਲੀ ਲਿਸਟ ਵਿੱਚ ਨਾਮ ਭਾਲਦਾ

ਜੇ ਜਿੰਦਗੀ ਜਿਉਣ ਦਾ ਸਹੀ ਰਾਹ ਚੁਣ ਲੈਂਦਾ

ਕਾਸ਼! ਮੈਂ ਦਿਲ ਦੀ ਅਵਾਜ ਸੁਣ ਲੈਂਦਾ।

ਲਿਖ ਕੇ ਕਵਿਤਾਵਾਂ ਨਾ ਖੁਦ ਵਰਕੇ ਪਾੜਦਾ

ਜੇ ਜਜਬਾਤਾਂ ਵਾਲੀ ਵੰਝਲੀ ਦੀ ਰਾਗ ਸੁਣ ਲੈਂਦਾ

ਕਾਸ਼ ! ਮੈਂ ਦਿਲ ਦੀ ਅਵਾਜ ਸੁਣ ਲੈਂਦਾ।

ਗੁਰੂ ਬਾਣੀ ਦੇ ਅਸਲੀ ਅਰਥਾਂ ਨੂੰ ਜਾਣਦਾ

ਜੇ ਪਰਮਾਤਮਾ ਦੀ ਮਜੂਦਗੀ ਦਾ ਅਨੁਭਵ ਸੁਣ ਲੈਂਦਾ

ਕਾਸ਼! ਮੈਂ ਦਿਲ ਦੀ ਅਵਾਜ ਸੁਣ ਲੈਂਦਾ।

ਵੰਡਦਾ ਖੁਸ਼ੀਆਂ ਤੇ ਹਰ ਗੱਲ ਹੱਸ ਕੇ ਟਾਲਦਾ

ਜੇ ਕਿਸਮਤ ਦੀਆਂ ਲੀਕਾਂ ਮੈਂ ਆਪਣੇ ਹੱਥੀਂ ਬੁੰਨ ਲੈਂਦਾ

ਕਾਸ਼! ਮੈਂ ਦਿਲ ਦੀ ਅਵਾਜ ਸੁਣ ਲੈਂਦਾ।

************

# ਨਵੇ ਰਾਹ

ਰੁਕਣਾ ਨਹੀਂ ਮੇਂ  ਅੱਗੇ ਜਾਣਾ ਚਾਹੁੰਦਾ ਹਾਂ

ਬੀਤਿਆ  ਵਕਤ ਭੁਲਾਉਣਾ ਚਾਹੁੰਦਾ ਹਾਂ

ਬਹੁਤ ਜੀਅ ਲਏ ਯਰ ਘੁਟ ਘੁਟ ਕੇ

ਹੁਣ ਜਿੰਦਗੀ ਨੂੰ ਖ਼ੂਬਸੂਰਤ ਬਣਾਉਣਾ ਚਾਹੁੰਦਾ ਹਾਂ

ਕਰ ਦੇਣਾ ਚਾਹੁੰਦਾ ਹਾਂ ਆਜ਼ਾਦ ਖੁਦ ਨੂੰ

ਮੈਂ ਅਸਮਾਨੀ ਉਡਾਰੀ ਲਾਉਣਾ ਚਾਹੁੰਦਾ ਹਾਂ

ਹੁਨਰ ਸਿੱਖਣਾ ਹੁਣ ਜਿੱਤਣ ਦਾ

ਕਿਸਮਤ ਨੂੰ ਫ਼ਿਰ ਤੋ ਅਜਮਾਉਣਾ ਚਾਹੁੰਦਾ ਹਾਂ

ਮਰਨ ਤੋਂ ਬਾਅਦ ਵੀ ਲੋਕੀ ਦੇਣ ਸਲਾਮਾਂ

ਕੁੱਛ ਐਸਾ ਨਾਮ ਕਮਾਉਣਾ ਚਾਹੁਦਾ ਹਾਂ

ਝੂਠ ਨੂੰ ਤਾਂ ਹਰ ਕੋਈ ਸਹਿਲਾਉਂਦਾ ਸੱਜਣਾ

ਪਰ ਮੇ ਸੱਚ ਲਈ ਕਲਮ ਚਲਾਉਣਾ ਚਾਹੁੰਦਾ ਹਾਂ

ਜੋ  ਸ਼ੋਸ਼ਣ ਦਾ ਸ਼ਿਕਾਰ ਹੋ  ਰਹੀਆਂ ਕੁੜੀਆਂ

ਓਹਨਾਂ ਲਈ ਇਨਸਾਫ਼ ਦੀ ਅਵਾਜ ਉਠਾਉਣਾ ਚਾਹੁੰਦਾ ਹਾਂ

ਮੈ ਖੁਦ ਬੇਸ਼ਕ ਠੋਕਰਾਂ ਖਾ ਕੇ ਸੰਭਲਿਆ

ਪਰ ਲੋਕਾਂ ਨੂੰ ਸਹੀ ਰਾਹ ਦਿਖਾਉਣਾ ਚਾਹੁੰਦਾ ਹਾਂ

ਨਫ਼ਰਤ ਦੀ ਅੱਗ ਵਿਚ ਜੋ ਸੜ ਰਹੇ ਲੋਕੀ

ਓਹਨਾ ਨੂ ਪਿਆਰ ਦਾ ਪਾਠ ਪੜ੍ਹਾਉਨਾ ਚਾਹੁੰਦਾ ਹਾਂ

ਮੈਨੂੰ ਰੋਕੋ ਨਾ ਮੈਨੂੰ ਜਾਣ ਦਿਓ

ਮੈਂ ਮੇਰੇ ਰੁੱਸੇ ਰੱਬ ਨੂੰ ਮਨਾਉਂਣਾ ਚਾਹੁੰਦਾ ਹਾਂ।

*********

# ਮੁਸਕਾਨ ਦੀ ਚਾਦਰ

ਗ਼ਮਾਂ ਨੂੰ ਇੱਕ ਪਾਸੇ ਰੱਖ ਕੇ

ਚੱਲ ਮੁਸਕਾਨ ਦੀ ਚਾਦਰ ਲੈ ਲਈਏ

ਆ ਬੈਠ ਇੱਕ ਪਲ ਕੋਲ ਮੇਰੇ

ਕੁੱਛ ਦਿਲ ਦੀਆਂ ਗੱਲਾਂ ਕਹਿ ਲਈਏ।

ਸ਼ਬਦਾਂ ਦੇ ਕੁੱਛ ਜੇਵਰ ਪਹਿਣ ਕੇ

ਚੱਲ ਨਗ਼ਮਾ ਕੋਈ ਬਣਾ ਲਈਏ

ਮੁਸੀਬਤ ਦੇ ਸਮੁੰਦਰ ਚ ਕਿਵੇਂ ਤੈਰਨਾ

ਐਸਾ ਮਾਰਗ ਕੋਈ ਬਣਾ ਲਈਏ।

ਰੋਣ ਨਾਲ ਮੁਸ਼ਕਿਲਾਂ ਦਾ ਹੱਲ ਨਹੀਂ ਮਿਲਣਾ

ਚੱਲ ਅਾ ਕੁੱਛ ਆਸਾਂ ਦੇ ਮਹਿਲ ਉਸਾਰ ਲਈਏ

ਇੰਝ ਹੀ ਭੱਜ ਦੌੜ ਵਿਚ ਲੰਘ ਜਾਣੀ ਸਾਰੀ ਜਿੰਦਗੀ

ਫਿਲਹਾਲ ਤਾਂ ਬਾਹਾਂ ਪਸਾਰ ਲਈਏ।

# ਆਜ਼ਾਦੀ

ਕਈ ਸੂਰਮੇ ਨਸ਼ਿਆ ਨੇ ਖਾ ਲਏ

ਕਈਆ ਨੂੰ ਚਿੱਟਾ ਮਾਰ ਗਿਆ

ਕੋਈ ਢਿੱਡ ਆਪਣਾ ਭਰਨ ਦੀ ਖਾਤਰ

ਕਰਕੇ ਆਈਲੈਟਸ ਬਾਹਰ ਗਿਆ।

ਤੂੰ ਜਿਸ ਅਜਾਦੀ ਲਈ ਲੜਿਆ ਭਗਤ ਸਿਆਂ

ਉਹ ਅੱਜ ਖੁਦ ਹੀ ਕਰਨ ਗੁਲਾਮੀ ਲੱਗ ਪਏ ਨੇ

ਲੋਕ ਛੱਡ ਕੇ ਆਪਣੀ ਮਿੱਟੀ ਨੂੰ,

ਵਿਦੇਸ਼ਾ ਵੱਲ ਨੂੰ ਭੱਜ ਪਏ ਨੇ।

ਸਭ ਆਪਣੇ ਆਪ ਹੀ ਚੁਣਦੇ ਨੇ

ਜੋ ਰਾਹ ਜਾਂਦਾ ਹੈ ਬਰਬਾਦੀ ਨੂੰ

ਇਹ ਵਿੱਚ ਬੰਦਿਸ਼ਾਂ ਫ਼ਸੇ ਹੋਏ

ਮਾਣਨਾ ਭੁੱਲ ਗਏ ਅਜਾਦੀ ਨੂੰ ।

ਤੂੰ ਜੋ ਖੁਆਬ ਸਜਾਏ ਸੀ

ਆਪਣੇ ਪੰਜਾਬ ਦੀ ਖਾਤਿਰ।

ਉਹ ਸਭ ਸਜੇ ਹੀ ਰਹਿ ਨੇ

ਬਸ  ਭਗਤ ਸਿਆਂ ਇਕਮਾਤਰ।

*********

# ਕਿਰਤ

ਕੱਪੜੇ ਮੈਲੇ ਚੱਲਣਗੇ,

ਪਰ ਮੰਨ ਦੀ ਮੈਲ ਨੂੰ ਧੋ ਸੱਜਣਾ।

ਕਿਰਤ ਕਰ ਤੇ ਨਾਮ ਕਮਾ,

ਨਾ ਆਪਣੀ ਕਿਸਮਤ ਨੂੰ ਰੋ ਸੱਜਣਾ।

ਇਹ ਟੌਹਰ , ਸ਼ੋਕੀਨੀ ਸਭ ਫਿੱਕੀਆਂ ਨੇ

ਜੇ ਨੀਅਤ ਨਾ ਹੋਵੇ ਸਾਫ਼ ਸੱਜਣਾ

ਹੱਥ ਜੋੜ ਤੇ ਗਲਤੀ ਮੰਨ

ਤੈਨੂੰ ਵਾਹਿਗੁਰੂ ਜੀ ਕਰਨਗੇ ਮਾਫ਼ ਸੱਜਣਾ।

ਪੰਜਾਬ ਦਸਮ ਗੁਰੂਆਂ ਦੀ  ਧਰਤੀ ਹੈ,

ਇਥੇ ਕਈ ਯੋਧੇ ਹੋਏ ਨੇ ਕੁਰਬਾਨ ਸੱਜਣਾ।

ਤੈਨੂੰ ਨਫ਼ਰਤ ਨਾਲ਼ ਕੁੱਛ ਮਿਲਣਾ ਨਹੀ,

ਪਰ ! ਪਿਆਰ ਨਾਲ ਮੰਗ ਲਈ ਚਾਹੇ ਜਾਨ ਸੱਜਣਾ।

**********

# ਰੱਬ ਦੀ ਰਜ਼ਾ

ਮਨ ਅੱਕਿਆ ਅੱਕਿਆ ਰਹਿੰਦਾ ਏ

ਕਿਧਰੇ ਜੀਅ ਵੀ ਲੱਗਦਾ ਨਹੀਂ

ਕੋਈ ਪੁੱਛੇ ਤਾਂ ਓਹਨੂੰ ਕੀ ਦੱਸਾ ?

ਮੈ ਕਿਉ ਹੁਣ ਹੱਸਦਾ ਨਹੀਂ।

ਉਲਝੀ ਜਿੰਦਗੀ ਅਧੂਰੇ ਸੁਪਨੇ

ਹਰ ਰੋਜ ਸਤਾਉਂਦੇ ਨੇ

ਮੈ ਹਾਰਿਆ ਨਹੀਂ ਮੈਨੂੰ ਹਾਰਿਆ ਹੋਇਆ

ਮਹਿਸੂਸ ਕਰਾਉਂਦੇ ਨੇ।

ਕਈ ਦਿਨ ਹੋਗੇ ਸੋਇਆ ਨੂੰ

ਮੈਂ ਸੌਣਾ ਚਾਹੁੰਦਾਂ ਹਾਂ

ਸੱਚ ਦੱਸਾਂ ਕੀਤੇ ਕੱਲੇ ਬਹਿਕੇ

ਖੁੱਲਕੇ ਰੋਣਾ ਚਾਹੁੰਦਾ ਹਾਂ।

ਹੁਣ ਕਦੇ ਕਦੇ ਦਿਲ ਕਰਦਾ

ਸਭ ਛੱਡਕੇ ਕਿਧਰੇ ਦੂਰ ਚਲਾ ਜਾਵਾਂ ਮੈਂ

ਰੋਜ਼ ਰੋਜ਼ ਤੜਫਣ ਨਾਲੋ ਚੰਗਾ

ਇੱਕ ਦਿਨ ਮਰ ਹੀ ਜਾਵਾਂ ਮੈਂ।

ਫ਼ਿਰ ਸੋਚਦਾ ਛੱਡ ਦਿਲਾ

ਕਿਉ ਦਿਲ ਹੌਲ਼ਾ ਕਰਦਾ ਏ
ਰੱਬ ਦੀ ਰਜ਼ਾ ਵਿੱਚ ਰਹਿਣਾ ਸਿੱਖ ਲੈ

ਕਿਉ ਖੁਦ ਰੱਬ ਬਣਦਾ ਏ

ਮੰਨਿਆ ਰਸਤਾ ਔਖਾ ਏ

ਤੇਰੀ ਮੰਜਿਲ ਨਿਰਾਲੀ ਹੈ

ਪਰ ਹਰ ਰੋਜ ਬਦਲਦੀ ਜਿੰਦਗੀ

ਹਰ ਪਲ ਨਵੀਂ ਕਹਾਣੀ ਹੈ

*********

# ਕੌਣ ਦਿਲਾਂ ਦੀਆਂ ਜਾਣੇ

ਕੋਈ ਸ਼ਾਇਰੀ

ਕੋਈ ਕਵਿਤਾ

ਤੇ ਕੋਈ ਗਾਉਂਦਾ ਪੰਜਾਬੀ ਗਾਣੇ

ਕਿਸ ਤੇ ਕੀ ਬੀਤ ਰਹੀ ਬੰਦਿਆਂ

ਕੌਣ ਦਿਲਾਂ ਦੀਆਂ ਜਾਣੇ।

ਕੋਈ ਪ੍ਰੇਮ ਰਾਗ ਨੂੰ ਗਾਉਂਦਾ

ਕੋਈ ਰੁੱਸੇ ਯਾਰ ਨੂੰ ਮਨਾਉਂਦਾ

ਤੇ ਕੋਈ ਸੁਲਝਾਏ ਉਲਝੇ ਤਾਣੇ,,

ਕਿਸ ਤੇ ਕੀ ਬੀਤ ਰਹੀ ਬੰਦਿਆਂ

ਕੌਣ ਦਿਲਾਂ ਦੀਆਂ ਜਾਣੇ।

ਕੋਈ ਗੀਤ ਸੱਭਿਆਚਾਰ ਤੇ ਕੱਡਤਾ,

ਕੋਈ ਸਿਰਫ਼ ਫਾਹਾਂ ਵੱਡਤਾ

ਤੇ ਕੋਈ ਸੁਣਾਉਂਦਾ ਇਤਿਹਾਸ ਪੁਰਾਣੇ

ਕਿਸ ਤੇ ਕੀ ਬੀਤੀ ਰਹੀ ਬੰਦਿਆ

ਕੌਣ ਦਿਲਾਂ ਦੀਆਂ ਜਾਣੇ।

**********

# ਰੰਗ ਰੂਪ

ਐਸੇ ਚਿੱਟੇ ਚੰਮ ਦਾ ਵੀ ਕੀ ਕਰਨਾ

ਜੋ ਕਦਰ  ਬੰਦੇ ਦੀ ਪਾਉਂਦਾ ਨਾ

ਗੱਲ ਗੱਲ ਦੇ ਤਾਹਨਾ ਮਾਰ ਜਾਵੇ,

ਤੇ ਸਮਝ ਜਜਬਾਤ ਪਾਉਂਦਾ ਨਾ।

ਸੀਰਤ ਦੀ ਥਾਂ ਲੋਕੀ ਸੂਰਤ ਵੇਖਦੇ

ਕਿਉ ਅਕਲ ਦੇ ਲੱਗਿਆ ਤਾਲਾ

ਰੰਗ ਰੂਪ ਤਾਂ ਰੱਬ ਨੇ ਦੋਹੀਂ ਦਿੱਤੇ,

ਇੱਕ ਗੋਰਾ ਇੱਕ ਕਾਲਾ।

ਭੇਦ ਦਿਲਾਂ ਦੇ ਅੰਦਰ ਰੱਖ ਕੇ,

ਸਭ ਕਿਸਮਤ ਆਪਣੀ ਅਜਮਾਂ ਜਾਂਦੇ

ਬਹੁਤੀਆਂ ਸ਼ਕਲਾਂ ਵਾਲੇ ਇਥੇ,

ਜਿਸਮਾਂ ਦੀ ਭੁੱਖ ਮਿਟਾ ਜਾਂਦੇ।

ਖੁਸ਼ਕਿਸਮਤ ਹੁੰਦੇ ਨੇ ਉਹ ਜਾਨੀ

ਜਿਸਨੂੰ ਮਿਲੇ ਪਿਆਰ ਰੂਹਾਂ ਵਾਲ਼ਾ

ਰੰਗ ਰੂਪ ਤਾਂ ਰੱਬ ਨੇ ਦੋਹੀਂ ਦਿੱਤੇ,

ਇੱਕ ਗੋਰਾ ਇੱਕ ਕਾਲ਼ਾ।

*******

# ਦਿਮਾਗਾਂ ਵਿੱਚ ਕੀ ਏ?

ਆਪਣੇ ਦਿਲ ਨੂੰ ਸੁਣ, ਦਿਮਾਗਾਂ ਵਿੱਚ ਕੀ ਏ?

ਸਚਾਈ ਦੇ ਰਾਹ ਨੂੰ ਚੁਣ, ਅਪ੍ਰਾਦਾ  ਵਿੱਚ ਕੀ ਏ?

ਐਵੇ ਨਾ ਤੂੰ ਬਹੁਤੇ ਵੱਡੇ ਸੁਪਨੇ ਸਜਾ,

ਹਕੀਕਤ ਨੂੰ ਸੁਣ, ਖੁਆਬਾਂ ਵਿੱਚ ਕੀ ਏ ?

ਛੱਡ ਦੇ ਓਹ ਰਾਹ ਜੋ ਬਰਬਾਦੀ ਨੂੰ ਜਾਂਦੇ,

ਪ੍ਰੀਤ ਦੀ ਲੜੀ ਨੂੰ ਬੁੰਨ, ਸਾਜਿਸ਼ਾਂ ਵਿਚ ਕੀ ਏ ?

ਸਿਖ ਲੈ ਤੂੰ ਵੀ ਥੋੜ੍ਹਾ ਕੜੀ ਧੁੱਪ ਰੜਨਾ,

ਆਪਣੇ ਆਪ ਨੂੰ ਭੁੰਨ , ਬਾਰਿਸ਼ਾਂ ਵਿੱਚ ਕੀ ਏ ?

ਪਿਆਰ ਵਾਲੀ ਮਿੱਠੜੀ ਤੂੰ ਵੰਝਲੀ ਵਜਾ,

ਦੋਸਤੀ ਨੂੰ ਚੁਣ, ਨਰਾਜਗੀ ਚ ਕੀ ਏ ?

*********

## ਚਾਅ ਕੁੜੀਆਂ ਦੇ

ਆਪਣਿਆਂ ਦੀ ਖ਼ੁਸ਼ੀ ਖਾਤਰ

ਗਮ ਵੀ ਹੱਸ ਕੇ ਸਹਿ ਜਾਂਦੀਆਂ

ਇਹ ਮੋਮ ਦਾ ਦਿਲ ਲੈਕੇ

ਹੈਵਾਨਾਂ ਨਾਲ ਵੀ ਖਹਿ ਜਾਂਦੀਆਂ।

ਨਾਂ ਜਾਣੇ ਕੀ ਏ ਲੇਖਾਂ 'ਚ

ਇਹਨਾਂ ਕਿਸਮਤ ਪੁੜੀਆ ਦੇ

ਅਕਸਰ ਅਧੂਰੇ ਹੀ ਰਹਿ ਜਾਂਦੇ

ਕਈ ਚਾਅ ਕੁੜੀਆ ਦੇ।

********

# ਤੂੰ ਕੈਸੀ ਲਿਖੀ ਤਕਦੀਰ ਰੱਬਾ

ਰੱਬਾ ਇਹ ਕੀ ਤੇਰਾ ਦਸਤੂਰ

ਦੱਸ  ਕੀ ਸੀ  ਓਹਦਾ ਕਸੂਰ ??

ਕਿਉ ਤੂੰ ਇਹਨਾ ਬੇਰਹਿਮ ਹੋ ਗਿਆ

ਦੱਸ ਕਿਹੜੀ ਗੱਲ ਦਾ ਤੈਨੂੰ ਵਹਿਮ ਹੋ ਗਿਆ ?

ਇੱਕ ਨਾਜੁਕ ਕਲੀ ਜੋ ਹਲੇ ਖਿਲੀ ਨਹੀਂ ਸੀ,,

ਹੱਸ ਖੇਡ ਕੇ ਸਭ ਨੂੰ ਮਿਲੀ ਵੀ ਨਹੀਂ ਸੀ।

ਕੁੱਖ ਵਿੱਚ ਹੀ ਓਹਨੂੰ ਮਾਰ ਸੁੱਟਿਆ,

ਓਹਦੇ ਅਰਮਾਨਾਂ ਦਾ ਕਿਉ ਗ਼ਲਾ ਘੁੱਟਿਆ ??

ਕਈ ਵਿੱਚ ਅਖਬਾਰਾਂ ਲਪੇਟ ਸੁੱਟਦੇ,

ਖ਼ੁੱਦ ਆਪਣੇ ਹੱਥੀਂ ਕਬਰ ਪੁੱਟਦੇ।

ਬਦਕਿਸਮਤੇ ਜੇ ਧੀ ਬਚ ਜਾਵੇ,

ਚੰਦਰਾ ਜਮਾਨਾ ਕਿਉ ਉਸ ਨੂੰ ਖਾਣ ਆਵੇ।

ਚੜ ਜਵਾਨੀ ਭੁੱਲ ਇਸਕੇ ਚ ਪੈਰ ਪਾਉਂਦੀ,

ਫ਼ਿਰ ਪੁੱਛੋ ਨਾ ਉਸਦੀ ਕੀ ਖੈਰ ਆਓਂਦੀ।

ਨਾ ਸਮਝਦੇ ਜਜਬਾਤ ਨਾ ਓਹਦੇ ਦਿਲ ਦੀਆਂ ਜਾਣਦੇ,

ਅੱਖਾਂ ਸਾਹਮਣੇ ਹੀ ਓਹਦਾ ਯਾਰ ਮਾਰਦੇ।

ਰੱਖ ਲੈ ਲਾਜ ਘਰਦੀ ਇਹ ਕਹਿ ਜਦ  ਹੱਥ ਜੋੜਦੇ,

ਚੁੱਪ ਚਾਪ ਤੁਰ ਜਾਂਦੀਆਂ ਜਿੱਥੇ ਮਾਪੇ ਤੋਰਦੇ।

ਕਿਉ ਥਾਂ ਥਾਂ ਤੇ  ਓਸ ਲਈ ਵਿਛਾਏ ਜਾਲ ਹੁੰਦੇ,

ਵਿਆਹ ਪਿੱਛੋਂ  ਵੀ ਮੰਦੜੇ ਹਾਲ ਹੁੰਦੇ।

ਖੁਸ਼ੀ ਹੋਵੇ ਜਾ ਗਮ ਇਹ ਹੱਸ ਕੇ ਜਰਦੀਆ,

ਹਰ ਵੇਲੇ ਰਹਿੰਦੀਆ ਘੁੱਟ ਸਬਰ ਦਾ ਭਰਦੀਆਂ।

ਦਿਲ ਵਿੱਚ ਦੱਬ ਓਹ ਸਭੇ ਅਰਮਾਨਾਂ ਨੂੰ,

ਕਰ ਦਿੰਦੀਆਂ ਨੇ ਪਾਰ ਮੁਸ਼ਿਕਲ ਚੱਟਾਨਾਂ ਨੂੰ।

ਪੁੱਛਦਾ ਨਾ ਕੋਈ ਓਹ ਕਿ ਚਾਹੁੰਦੀ ਹੋਣੀ ਅ◌ਾ,

ਸੁਪਨੇ ਤਾਂ ਓਹ ਵੀ ਸਜਾਉਂਦੀ ਹੋਣੀ ਆ।

ਤੂੰ ਕੈਸੀ ਲਿਖੀ ਤਕਦੀਰ ਰੱਬਾ ਇਹਨਾਂ ਮਰਜਾਣੀਆ ਦੀ,

ਕੋਈ ਸਾਰ ਨਾ ਜਾਨੇ, ਅੱਖਾਂ ਚੋ ਡਿਗਦੇ ਖਾਰੇ ਪਾਣੀਆ ਦੀ

********

## ਦੱਸ ਕੀ ਕਸੂਰ?

ਮਿਹਨਤਾਂ ਨਾਲ ਮਿਲੇ ਓਹਨੂੰ ਸਨਮਾਨ ਹੋਣਗੇ,

ਓਹਨੇ ਵੀ ਤਾਂ ਸਜਾਏ ਕੁੱਝ ਅਰਮਾਨ ਹੋਣਗੇ

ਜਜਬਾਤਾਂ ਓਹਦਿਆਂ  ਨਾਲ

ਕਰ ਕਿਉ ਖਿਲਵਾੜ ਚਲਾ ਆਇਆ,

ਸੋਚਿਆ ਨਾ ਤੂੰ ਕੀ ਬੀਤੀ ਹੋਣੀ ਓਸ ਤੇ

ਕਰ ਆਪਣੀ ਮਰਜੀ ਤੂੰ ਸ਼ਰੇਆਮ ਚਲਾ ਆਇਆ

ਦੱਸ ਕੀ ਕਸੂਰ ਹੋਇਆ ਓਸ ਨੰਨੀ ਜਿੰਦ ਤੋ

ਜੋ ਇੱਜਤ ਓਹਦੀ ਨੂੰ  ਤੂੰ ਕਰ ਨਿਲਾਮ ਚਲਾ ਆਇਆ,,,,

ਮਿਟਾ ਕੇ ਹਵਸ਼ ਆਪਣੀ, ਉੱਤੋ ਗਲਤੀ ਛੁਪਾਵੇ

ਕੀਤੇ ਹੋਏ ਗੁਨਾਹਾਂ ਉੱਤੇ ਪਰਦਾ ਫਿਰ  ਪਾਵੇ

ਬੋਲ ਨਾ ਸਕੇ ਕੁਝ

ਤਾਹੀ! ਕੱਟ ਕੇ ਤੂੰ ਓਹਦੀ ਜੁਬਾਨ ਚਲਾ ਆਇਆ,,

ਸੋਚਿਆ ਨਾ ਤੂੰ

ਕੀ ਬੀਤੀ ਹੋਣੀ ਓਸ ਤੇ,

ਕਰ ਆਪਣੀ ਮਰਜੀ ਤੂੰ ਸ਼ਰੇਆਮ ਚਲਾ ਆਇਆ,,

ਹੱਸ ਖੇਡ ਰਹਿੰਦੀ ਸੀ ਜੋ ਮਹਿਕਾ ਖਿਲਾਰਦੀ

ਨਿੱਕੀ ਨਿੱਕੀ ਗੱਲ ਉੱਤੇ, ਪਾਪਾ ਪਾਪਾ ਪੁਕਾਰਦੀ

ਇਕ ਦਮ ਚੁੱਪ ਜਹੀ ਹੋਗੀ, ਸਭ ਗੁੰਮ ਗਏ ਹਾਸੇ

ਨਾ ਲੱਗੇ ਕੋਈ ਆਪਣਾ , ਦਰਿੰਦੇ ਦਿਸਣ ਚਾਰੇ ਪਾਸੇ

ਸਾਰੀ ਉਮਰ ਲਈ

ਮਾਪਿਆਂ ਨੂੰ , ਦੁੱਖਾਂ ਦਾ ਪੈਗਾਮ ਦੇ ਆਇਆ
ਸੋਚਿਆ ਨਾ ਤੂੰ

ਕੀ ਬੀਤੀ ਹੋਣੀ ਓਸ ਤੇ,

ਕਰ ਆਪਣੀ ਮਰਜੀ ਤੂੰ ਸ਼ਰੇਆਮ ਚਲਾ ਆਇਆ,,

ਛੋਟੀ ਸੀ ਉਮਰ , ਹਲੇ ਦੁਨੀਆਦਾਰੀ ਨਹੀਂ ਸੀ ਜਾਣਦੀ

ਤੇਰੇ ਜਹੇ ਪਾਪੀਆ ਨੂੰ,  ਨਹੀਂ ਸੀ ਪਹਿਚਾਣਦੀ

ਨਾਜੁਕ ਕਲੀ ਨੂੰ ਖਿਲਣ ਤੋ ਪਹਿਲਾ

ਕਿਉ ? ਤੋੜ ਚਲਾ ਆਇਆ

ਸੋਚਿਆ ਨਾ ਤੂੰ ਕੀ ਬੀਤੀ ਹੋਣੀ ਓਸ ਤੇ

ਕਰ ਆਪਣੀ ਮਰਜੀ ਤੂੰ ਸ਼ਰੇਆਮ ਚਲਾ ਆਇਆ,,,

***********

# ਧੀਆਂ

ਗਲੀਆਂ ਦੀਆਂ ਸਭੇ ਧੀਆਂ

ਰੌਣਕ ਲਾਈ ਰੱਖਦੀਆ

ਓਹ ਪੰਜ ਕੁ ਸਾਲ ਦੀਆਂ।

ਘਰ ਮਿੱਟੀ ਦਾ ਬਣਾਉਂਦੀਆਂ ਨੇ

ਓ ਨਿੱਕੇ ਨਿੱਕੇ ਲੈਕੇ ਖੇਡਣੇ

ਵਿਆਹ ਗੁੱਡੀ ਦਾ ਰਚਾਉਂਦੀਆ ਨੇ।

ਘਰ ਚਿੜੀਆ ਚਹਿਕਦੀਆਂ

ਓਹ ਜਦ ਖਿੜ ਖਿੜ ਹੱਸਦੀਆ

ਫੁੱਲਾਂ ਵਾਂਗੂੰ ਮਹਿਕਦੀਆਂ।

ਅੱਖੀਓ ਹੰਝੂ ਵਰਸਦੇ ਨੇ

ਕਈਆਂ ਦੇ ਰੱਬ ਘਰ ਭਰ ਦਿੰਦਾ

ਕਈ ਇੱਕ ਨੂੰ ਵੀ ਤਰਸਦੇ ਨੇ।

ਦੋ ਗੁੱਤਾਂ ਗੁੰਦੀਆਂ ਨੇ

ਪੁੱਤ ਬੇਸ਼ਕ ਹੁੰਦੇ ਲਾਡਲੇ

ਧੀਆਂ ਧੀਆਂ ਹੁੰਦੀਆ ਨੇ ।

*******

## ਨਾਜ਼ੁਕ ਕਲੀਆਂ

ਨਿੱਕੇ ਨਿੱਕੇ ਨੇ ਚਾਅ ਕੁੜੀਆਂ ਦੇ

ਦੇਖੀ ਕਿਧਰੇ ਰੁਲ ਨਾ ਜਾਵਣ

ਹੱਸ ਖੇਡ ਕੱਟ ਲਏ ਦਿਨ ਜੋ

ਓਹ ਜਿੰਦਗੀ ਚ ਮੁੜ ਨਾ ਆਵਣ ।

ਗਮ ਸਦਾ ਇਕ ਪਾਸੇ ਰੱਖ ਕੇ

ਇਹ ਖੁਸ਼ੀਆਂ ਸਦਾ ਬਟੋਰਦੀਆ ਨੇ

ਕਈ ਬਾਰ ਆਪਣਿਆਂ ਦੀ ਖੁਸ਼ੀ  ਖਾਤਰ

ਦਿਲ ਆਪਣਾ ਤੋੜਦੀਆਂ ਨੇ।

ਇਹ ਨਾਜੁਕ ਕਲੀਆਂ ਖਿਲ ਜਾਵਣ ਦੇ

ਵੇਖੀ ਇਹਨਾਂ ਨੂੰ ਤੋੜ ਨਾ ਦੇਵੀਂ

ਹੱਸਦੇ ਚਿਹਰੇ ਸੋਹਣੇ ਲੱਗਦੇ

ਵੇਖੀ ਹੰਝੂਆਂ ਦੇ ਵਿੱਚ ਰੋਲ ਨਾ ਦੇਵੀਂ।

********

## ਆਖਿਰ ਕਦ ਤੱਕ?

ਆਖਿਰ ਕਦ ਤੱਕ ਚੱਲੇਗਾ ?

ਇਨਸਾਨੀਅਤ ਨੂੰ ਵੇਚ ਕੇ ਢਿੱਡ ਭਰਨਾ

ਤੇ ਚੁੱਗਲੀ ਪਿੱਠ ਦੇ ਪਿੱਛੇ ਕਰਨਾ।

ਆਖਿਰ ਕਦ ਤੱਕ ਚੱਲੇਗਾ ?

ਸ਼ਰੇਆਮ ਬਲਾਤਕਾਰ ਸੜਕਾਂ ਤੇ ਕਰਨਾ

ਤੇ ਧੀਆਂ ਦਾ ਕੁੱਖਾ ਦੇ ਵਿੱਚ ਮਰਨਾ।

ਆਖਿਰ ਕਦ ਤੱਕ ਚੱਲੇਗਾ ?

ਕੁੜੀਆਂ ਨੂੰ ਘਰ ਤੋ ਬਾਹਰ ਭੇਜਣ ਲਈ

ਮਾਂ ਬਾਪ ਦਾ ਇੰਞ ਡਰਨਾ

ਕਿਉ ਨਾ ਆਪਣੇ ਲਈ ਕੁੱਝ ਕਰਨਾ।

ਆਖਿਰ ਕਦ ਤੱਕ ਚੱਲੇਗਾ ?

ਇਹ ਚੰਦ ਪੈਸਿਆਂ ਦੀ ਖਾਤਿਰ ਹੀ,

ਭਰਾ ਨੇ ਭਰਾ ਦਾ ਕਤਲ ਕਰਨਾ

ਕਿਉ ਨਾ ਘੁੱਟ ਸਬਰ ਦਾ ਭਰਨਾ।

## ਸਾਉਣ ਦਾ ਮਹੀਨਾ

ਸਾਉਣ ਦਾ ਮਹੀਨਾ

ਕੁੜੀਆਂ ਦੇ ਚਾਵਾਂ ਦਾ

ਠੰਡੀਆਂ ਹਵਾਵਾਂ ਦਾ

ਰਲ ਤੀਆਂ ਲਾਵਾਂਗੇ..,

ਦਿਲ ਵਿੱਚ ਦੱਬੇ ਆਪਾ ਸਾਰੇ ਚਾਵਾਂ ਨੂੰ

ਅੱਜ ਪੁਗਾ ਕੇ ਆਵਾਂਗੇ...,

ਦੋਨੋ ਭੈਣ ਜਾਵਾਂਗੇ...,,

ਮਾਰ ਮਾਰ ਅੱਡੀ ਅੱਜ ਧਰਤ ਹਿਲਾਉਣੀ ਏ

ਹੱਸ ਖੇਡ ਪੂਰੀ ਅੱਜ ਰੌਣਕ ਲਗਾਉਣੀ ਏ

ਮਾਂ ਨੇ ਹੱਥਾਂ ਨਾਲ ਸਜਾਈ,

ਓਹ ਪੀਂਘ ਪਾਵਾਂਗੇ

ਦੋਨੋ ਭੈਣ ਜਾਵਾਂਗੇ...,

ਦਿਲ ਵਿੱਚ ਦੱਬੇ ਆਪਾ ਸਾਰੇ ਚਾਵਾਂ ਨੂੰ

ਅੱਜ ਪੁਗਾ ਕੇ ਆਵਾਂਗੇ....,

ਅਣਜਾਣੇ ਵਿੱਚ  ਹੋਈਆਂ ਭੁੱਲਾ

ਮਾਫ਼ ਕਰ ਦੇਣੀਆਂ,

ਮਨ ਦੀਆਂ ਗੱਲਾਂ

ਸਾਰੀਆਂ ਸਖੀਆਂ ਨੂੰ ਕਹਿਣੀਆਂ।

ਪਿਆਰ ਵਾਲਾ ਬੀਜ

ਅੱਜ ਉਗਾ ਕੇ ਆਵਾਂਗੇ

ਦੋਨੋ ਭੈਣ ਜਾਵਾਂਗੇ....,

ਸ਼ਾਮ ਢਲਦੀ ਨੂੰ ਆਪਾ

ਘਰ ਮੁੜ ਆਉਣਾ ਏ

ਕੀ ਕੀ ਕੀਤਾ ..?

ਕਿੱਸਾ ਮਾਂ ਨੂੰ ਸੁਣਾਉਣਾ ਏ,

ਰੋਟੀ ਰੂਟੀ ਛੱਡ ਭਾਬੋ ਫੇਰ ਖਾਵਾਂਗੇ

ਪਹਿਲਾਂ ਤੀਆਂ ਲਾਵਾਂਗੇ...,,

ਦਿਲ ਵਿੱਚ ਦੱਬੇ

ਆਪਾ ਸਾਰੇ ਚਾਵਾਂ ਨੂੰ

ਅੱਜ ਪੁਗਾਕੇ ਅਵਾਗੇ ..,

ਦੋਨੋ ਭੈਣ ਜਾਵਾਂਗੇ...,,

*********

## ਸਾਉਣ ਮਹੀਨਾ ੨

ਸਾਉਣ ਮਹੀਨਾ

ਨਿੱਕੀ ਕਣੀਆਂ ਦੀ ਬਰਸਾਤ

ਮਿੱਟੀ ਦੀ ਖੁਸ਼ਬੂ

ਪਾਵੇ ਫੁੱਲਾਂ ਨੂੰ ਵੀ ਮਾਤ।

ਚਿੱਟੇ ਬੱਦਲ ਅਸਮਾਨੀ

ਕਰਨ ਆਪਣੀ ਮਨਮਾਨੀ।

ਓਹ ਠੰਡੀ ਹਵਾ ਦੇ ਬੁੱਲੇ

ਹੋਸ਼ ਆਪਣੀ ਭੁੱਲੇ।

ਨ੍ਹਾਤੇ ਹੋਏ ਪੱਤੇ

ਤੇ ਗਿੱਲੀਆਂ ਟਾਹਣੀਆਂ

ਬੁਲਾ ਰਹੀਆਂ ਨੇ ਤੈਨੂੰ

ਜਰਾ ਗੱਲ ਸੁਣ ਹਾਣੀਆ।

ਕੁਦਰਤ ਦਾ ਅਨੰਦ

ਬੈਠ ਕੇ ਤੂੰ ਮਾਣ ਲੈ

ਕਿੰਨਾ ਸਕੂਨ ਹੈ ਇਸ ਅੰਦਰ

ਗੌਰ ਨਾਲ ਜਾਣ ਲੈ।

ਇਹ ਰੁੱਤ ਹੈ ਸੁਹਾਣੀ

ਮੁੜ ਨਹੀਓ ਆਉਣੀ।

ਆਜਾ ਪਿਆਰ ਨਾਲ ਇੱਕ ਬਾਰ

ਇਸਨੂੰ ਤੱਕ ਲੈ

ਖੁਸ਼ੀਆ ਨੂੰ ਫਰੋਲ

ਗਮ ਇੱਕ ਪਾਸੇ ਰੱਖ ਲੈ।

**********

## ਤੇਰੇ ਵਿਹੜੇ

ਧੀ ਬਣਕੇ ਮੈ ਤੇਰੇ ਵਿਹੜੇ

ਜਿਸ ਦਿਨ ਮਾਏ ਆਈ

ਖੂਬ ਕਰਿਆ ਪਿਆਰ ਤੂੰ ਮੈਨੂੰ,

ਤੇ ਬਾਬੁਲ ਮੱਥੇ ਵੱਟ ਨਾ ਪਾਈ।

ਵਿਹੜੇ ਤੇਰੇ ਵਿੱਚ ਹੱਸੀ ਖੇਡੀ

ਕੰਮ ਵੇਲੇ ਲਾਉਂਦੀ ਰਹੀ ਬਹਾਨੇ

ਇੱਕ ਦਿਨ ਛੱਡ ਕੇ ਵਿਹੜਾ ਬਾਬੁਲ ਦਾ

ਕਿਉ? ਤੁਰ ਜਾਣਾ ਪੈਂਦਾ ਦੇਸ਼ ਬੇਗਾਨੇ...,,

ਤੂਹੀ ਤਾਂ ਬਾਬੁਲ ਪੜ੍ਹਨੇ ਪਾਇਆ

ਕਰਕੇ ਖੂਬ ਕਮਾਈ

ਪੜ ਲਿਖ ਕੇ ਧੀ ਲੱਗਜੇ ਨੌਕਰੀ

ਨਿੱਤ ਅਰਜ ਕਰੇ ਮਾਂ ਜਾਈ।

ਜਦ ਮੈ ਪੈਰਾਂ ਤੇ ਖਲੋਈ ਬਾਬੁਲ

ਕਿਉ ਤੂੰ ਕਾਜ ਰਚਾਵੈ ?

ਮਿਹਨਤ ਤੇਰੀ ਦਾ ਜੋ ਫਲ ਹੈ ਮਿਲਣਾ

ਉਹ ਕਿਉ? ਸਹੁਰਿਆਂ ਹਿਸੇ ਆਵੇ।

ਸੋਚਿਆ ਸੀ ਤੇਰਾ ਸਾਹਰਾ ਬਣਨਾ

ਕਿਉ? ਤੂੰ ਬਣ ਦਿੱਤੇ ਇਹ ਗਾਨੇ,

ਇਕ ਦਿਨ ਛੱਡ ਕੇ ਵਿਹੜਾ ਬਾਬੁਲ ਦਾ

ਕਿਉ ? ਤੁਰ ਜਾਣਾ ਪੈਂਦਾ ਦੇਸ਼ ਬੇਗਾਨੇ...!!

ਸਹੁਰਿਆਂ ਘਰ ਵਿੱਚ ਨਹੀਂ ਮਿਲਣੀ

ਜੋ ਮੌਜ ਤੇਰੇ ਘਰ ਵਿੱਚ ਮਾਣੀ

ਕਦੇ ਧੀ , ਕਦੇ ਨੂੰਹ ਬਣਨਾ

ਇਹ ਰੱਬ ਨੇ ਕੈਸੀ ਲਿਖੀ ਕਹਾਣੀ..?

ਸਭੇ ਆਖਣ ਧੰਨ ਬੇਗਾਨਾ ,

ਕੋਈ ਨਾ ਦਿਲ ਦੀਆਂ ਜਾਣੇ

ਇੱਕ ਦਿਨ ਛੱਡ ਕੇ ਵਿਹੜਾ ਬਾਬੁਲ ਦਾ,

ਕਿਉ ਤੁਰ ਜਾਣਾ ਪੈਂਦਾ ਦੇਸ਼ ਬੇਗਾਨੇ ?

******

## ਦਾਜ

ਨਿੱਕੀ ਹੁੰਦੀ ਤੋ ਬੜੇ ਨਾਜਾਂ ਨਾਲ ਪਾਲਿਆ ਮੈਨੂੰ

ਤੇ ਹਰ ਰੀਝ ਪੁਗਾਈ ਹੱਸ ਕੇ,

ਫ਼ਿਰ ਕਾਹਤੋ ਖੁਦ ਹੀ ਇੱਕ ਦਿਨ ਕਰਦੇ ਬੇਗਾਨਾ

ਨੀ ਮਾਏ ਮੈਨੂੰ ਜਾਈ ਦੱਸ ਕੇ।

ਇਹ ਰੱਬ ਨੇ ਜੋ ਵੀ ਰੀਤ ਬਣਾਈ

ਮੈਨੂੰ ਨਾ ਆਈ ਰਾਸ ਬਾਬਲਾ

ਕੀ ਕਰਨੇ ਮੇਂ ਇਹ ਕੱਪੜੇ ਤੇ ਲੀੜੇ

ਨਾ ਚਾਹੀਦਾ ਕੋਈ ਦਾਜ ਬਾਬਲਾ..,,

ਖੁਦ ਪਾਕੇ ਤੂੰ ਕੱਪੜੇ ਸਾਦੇ

ਮੇਰੇ ਫਿਰੇ ਤੂੰ ਮਾਏ ਗਹਿਣੇ ਜੋੜਦੀ

ਆਖ, ਤੂੰ ਹੋ ਜਾਣਾ ਧੀਏ ਪ੍ਰਾਈ

ਤੇ ਅੱਖਾਂ ਵਿੱਚੋ ਹੰਜੂ ਮੋੜਦੀ ।

ਚਾਰ ਦਿਨ ਹੋਰ ਹੱਸ ਖੇਡ ਜੀਅ ਲੈਣ ਦੇ

ਨਹੀਂ ਮਿਲਣਾ ਇਹੋ ਜਿਹਾ ਕੀਤੇ ਰਾਜ ਬਾਬਲਾ

ਕੀ ਕਰਨੇ ਮੈਂ ਇਹ ਕੱਪੜੇ ਤੇ ਲੀੜੇ

ਨਾ ਚਾਹੀਦਾ ਕੋਈ ਦਾਜ ਬਾਬਲਾ ..,,

ਖੂਨ ਪਸੀਨਾ ਵਹਾ ਕੇ ਅਪਣਾ

ਤੂੰ ਹਰ ਇਕ ਸਮਾਨ ਬਣਾਇਆ

ਪਰ ਇਕ ਧੀ ਨੂੰ ਨਹੀਂ ਚਾਹੀਦਾ ਇਹ ਸਭ

ਕੋਈ ਅੱਜ ਤੱਕ ਕਿਉ ਨਾ ਸਮਝ ਪਾਇਆ।

ਸਿਰ ਕਰਜੇ ਦੀ ਪੰਡ ਚੱਕ ਭਾਰੀ ਤੂੰ

ਕਿਉ ਰਚਾਵੇ ਮੇਰੇ ਕਾਜ ਬਾਬਲਾ..,

ਕੀ ਕਰਨੇ ਮੈਂ ਇਹ ਕੱਪੜੇ ਤੇ ਲੀੜੇ

ਨਾ ਚਾਹੀਦਾ ਕੋਈ ਦਾਜ ਬਾਬਲਾ।

ਨਾ ਸਮਝ ਭੋਲੀ ਨਦਾਨ ਸੀ ਤਦ ਮੈਂ

ਜਦ ਤੂੰ ਪੜਨ ਸਕੂਲੇ ਪਾਇਆ

ਕੀ ਸਹੀ ਤੇ ਕੀ ਗਲਤ ਹੈ

ਹਰ ਇੱਕ ਪਹਿਲੂ ਸਮਝਾਇਆ

ਗਿਆਨ ਤੋਂ ਵੱਡੀ ਕੋਈ ਹੋਰ ਚੀਜ ਨਹੀਂ

ਮੇਰੇ ਲਈ ਇਹੀ ਸਿਰ ਦਾ ਤਾਜ ਬਾਬਲਾ..

ਕੀ ਕਰਨੀ ਮੈ ਇਹ ਭਰੀ ਦਾਜ ਦੀ ਪੇਟੀ...,

ਜੇ ਦੇਣਾ ਹੀ ਹੈ ਤਾਂ ਕਿਤਾਬਾਂ ਦੇਵੀ ਦਾਜ ਬਾਬਲਾ।

*********

# ਪੰਛੀਆਂ ਦੀਆਂ ਗੱਲਾ

ਕਦੇ ਸੁਣਕੇ ਦੇਖੀ

ਇਹਨਾ ਪੰਛੀਆਂ ਦੀਆ ਗੱਲਾਂ

ਇਹ ਵੀ ਆਪਣੇ ਵਾਂਗ,

ਦੁਖੜੇ ਵੰਡਾਉਂਦੇ ਨਜਰ ਆਉਣਗੇ।

ਤਿਣਕਾ ਤਿਣਕਾ ਜੋੜ

ਵਕਤ ਹੰਢਾਉਂਦੇ ਨਜਰ ਆਉਣਗੇ।

ਹੋ ਸਕਿਆ ਤਾਂ ਸਮਝੀ ਇਹਨਾਂ ਦੀਆਂ ਰਮਝਾਂ ਨੂੰ

ਇਹ ਵੀ ਆਪਣੇ ਵਾਂਗ ਗੁਣਗੁਣਾਉਂਦੇ ਨਜਰ ਆਉਣਗੇ

**********

# ਰੁੱਤਾਂ

ਕਦੋ ਆਈਆ ਤੇ ਕਦੋਂ ਗਈਆਂ

ਨਾ ਪਤਾ ਚੱਲੇ ਇਹਨਾਂ ਰੁੱਤਾਂ ਦਾ

ਘਰ ਦੀ ਚਾਰ ਦੀਵਾਰੀ ‘ਚ

ਨਾ ਅਹਿਸਾਸ ਹੋਵੇ ਹੁਣ ਧੁੱਪਾਂ ਦਾ

ਮਾਂ ਬਾਪ ਦੀ ਕਦਰ ਤਦ ਘੱਟ ਜਾਂਦੀ

ਜਦ ਹੁਕਮ ਚੱਲੇ ਨੂੰਹਾਂ ਪੁੱਤਾਂ ਦਾ

ਖੁੱਲ੍ਹੇ ਛੱਡੇ ਹਰ ਵਾਲ਼ ਜਨਾਨੀ

ਟਾਈਮ ਗਿਆ ਦੋ ਗੁੱਤਾਂ ਦਾ

ਅੱਜ ਫੈਸ਼ਨ ਇਹਨੇ ਵੱਧ ਗਏ ਨੇ

ਨਾ ਹਿਸਾਬ ਰਿਹਾ ਕੋਈ ਸੂਟਾਂ ਦਾ

ਅੱਜ ਇਨਸਾਨ ਹੀ ਇਨਸਾਨ ਤੋ ਡਰ ਰਿਹਾ,

ਇਹ ਕੈਸਾ ਦੌਰ ਅਾ ਗਿਆ ਲੁੱਟਾ ਦਾ

ਕਦੋਂ ਆਈਆ ਤੇ ਕਦੋਂ ਗਈਆਂ

ਨਾ ਪਤਾ ਚੱਲੇ ਇਹਨਾਂ ਰੁੱਤਾਂ ਦਾ

ਘਰ ਦੀ ਚਾਰ ਦਿਵਾਰੀ ‘ਚ

ਨਾ ਅਹਿਸਾਸ ਹੋਵੇ ਹੁਣ ਧੁੱਪਾਂ ਦਾ।

## ਠੰਡੀਆਂ ਹਵਾਵਾਂ

ਕੁਦਰਤ ਨੇ ਕੈਸਾ ਖੇਲ੍ਹ ਰਚਾਇਆ,

ਚਾਰੇ ਪਾਸੇ ਅੰਧਕਾਰ ਹੈ ਛਾਇਆ ।

ਅੱਜ ਸੁਣਦੀ ਨਾ ਓ ਕਿਧਰੇ

ਕੂਕ ਕਾਲੇ ਕਾਵਾਂ ਦੀ...,

ਕੋਈ ਵਿਰਲਾ ਹੀ ਸਮਝ ਪਾਵੇ

ਓ ਰਮਜਾਂ ਠੰਡੀਆ ਹਵਾਵਾਂ ਦੀ...

ਹੱਥ ਵਿੱਚ ਝੰਡੀ ਜਾ ਦਿੱਲੀ ਬਹਿ ਗਿਆ,

ਸਿਰ ਆਈ ਹਰ ਮੁਸੀਬਤ ਸਹਿ ਗਿਆ।

ਮੈਂ ਕਿਵੇਂ ਕਰਾ ਬਿਆਨ

ਓ ਪੀੜ ! ਕਿਸਾਨ ਭਰਾਵਾਂ ਦੀ

ਕੋਈ ਵਿਰਲਾ ਹੀ ਸਮਝ ਪਾਵੇ

ਓ ਰਮਜਾਂ ਠੰਡੀਆ ਹਵਾਵਾਂ ਦੀ..,,

ਆਪਣੇ ਹੱਕਾਂ ਲਈ ਲੜਦੇ ,

ਕਈ ਕਿਸਾਨ ਹੋ ਸ਼ਹੀਦ ਗਏ।

ਕੁੱਛ ਪਲਾ ਵਿੱਚ ਹਾਸੇ ,

ਨਾ ਜਾਣੇ ਕਿਧਰੇ ਖੋ ਗਏ।

ਸੁਣ! ਕੰਬ ਉੱਠੀ ਰੂਹ

ਅਨਪੜ੍ਹ ਭੋਲੀਆਂ ਮਾਵਾਂ ਦੀ

ਕੋਈ ਵਿਰਲਾ ਹੀ ਸਮਝ ਪਾਵੇ,

ਓ ਰਮਜਾਂ ਠੰਡੀਆ ਹਵਾਵਾਂ ਦੀ..,,

ਅੱਖਾਂ ਵਿੱਚੋ ਸੁੱਕ ਨੀਰ ਜਾਵੇ ,

ਜਦ ਕੋਈ ਆਪਣਾ ਸਾਥੋ ਦੂਰ ਜਾਵੇ।

ਇੱਕ ਇੱਕ ਕਰਕੇ ਖੁੱਲ ਜਾਂਦੀ

ਗੰਢ ਸਭ ਬੰਨੀ ਚਾਵਾ ਦੀ

ਕੋਈ ਵਿਰਲਾ ਹੀ ਸਮਝ ਪਾਵੇ

ਓ ਰਮਜਾਂ ਠੰਡੀਆ ਹਵਾਵਾਂ ਦੀ..,,

*********

# ਉਲਝੀ ਤਾਣੀ

ਕਦੇ ਚੁੱਪ ਤੇ ਕਦੇ ਨਰਾਜ ਹੋਵਾ

ਕਦੇ ਬੇਵਜਾਹ ਮੁਸਕਰਾਉਣ ਨੂੰ ਜੀ ਕਰਦਾ

ਇੱਕ ਐਸੀ ਉਲਜੀ ਤਾਨੀ ਐ

ਕਦੇ ਕੱਲੇ ਬਹਿ ਕੇ ਰੋਣ ਨੂੰ ਜੀ ਕਰਦਾ

ਕਦੇ ਚੁੱਕਾ ਕਲ਼ਮ ਤੇ ਲਿਖਣ ਬੈਠਾ,

ਕਦੇ ਪੰਨੇ ਪਾੜਨ ਨੂੰ ਜੀ ਕਰਦਾ।

ਇਹ ਦਿਲ ਵਿਚ ਦੱਬੀਆਂ ਹੋਈਆ ਪੀੜਾਂ ਨੂੰ

ਕਦੇ ਭੱਠੀ ਵਿੱਚ ਸਾੜਨ ਨੂੰ ਜੀ ਕਰਦਾ।

******

## ਮਨ ਦੀ ਸ਼ਾਂਤੀ

ਹਵਾਂ ਦੀ ਲਹਿਰਾਂ ਵਿੱਚ

ਮੈਂ ਆਪਣੇ ਆਪ ਨੂੰ ਖੋਵਾਂ,

ਬਦਲਤੇ ਰੰਗ ਦੇ ਨਾਚ ਵਿੱਚ

ਮੈਂ ਸੋਹਣਾ ਰੰਗ ਬਣਾਵਾਂ

ਮੇਰੇ ਜੀਵਨ ਦੀ ਕਵਿਤਾ ਵਿੱਚ

ਸਭ ਦਾ ਪਿਆਰ ਛਿੜਾਵਾਂ

ਪਰਿਵਾਰ ਦੀ ਗਲੀਆਂ ਵਿੱਚ

ਮੈਂ ਤੁਰਦਾ ਫਿਰਦਾ

ਬਿਨਾਂ ਖੁਸ਼ੀਆਂ ਤੋ ਢੋਲ ਵਜਾਵਾਂ

ਭੀੜ ਭੜੱਕੇ ਵਾਲੀਆ ਗਲੀਆਂ ਤੋ ਸ਼ਾਂਤ ਮਨ ਤੱਕ

ਨਿੱਘ ਦਾ ਅਨੰਦ ਫੈਲਾਵਾਂ

ਹਰ ਓਹ ਜਗ੍ਹਾ ਜਿੱਥੇ ਜਿੱਥੇ ਮੇਂ ਜਾਂਦਾ ਹਾਂ

ਬੈਠ ਇੱਕ ਕਹਾਣੀ ਬਣਾਵਾਂ

ਮਨ ਦੀ ਸ਼ਾਂਤੀ ਲਈ ਅਕਸਰ ਹੀ ਮੈਂ

ਕਿਧਰੇ ਦੂਰ ਨਿਕਲ ਜਾਵਾਂ

ਮਿਲੇ ਨਾ ਜਦ ਮਨ ਨੂੰ ਤਸੱਲੀ

ਗੁਰੂ ਘਰ ਜਾ ਹੱਥ ਜੋੜ ਸ਼ੀਸ਼ ਝੁਕਾਵਾਂ।

******

## ਆਖਿਰ ਕਿਉ ?

ਨਾ ਖਾਮੋਸ਼ ਰਹਿ ਹੁੰਦਾ

ਨਾ ਗੱਲਾਂ ਘੜਨ ਨੂੰ ਦਿਲ ਕਰਦਾ

ਨਾ ਕੁੱਝ ਲਿਖਣ ਨੂੰ ਦਿਲ ਕਰਦਾ

ਨਾ ਪੜਨ ਨੂੰ ਦਿਲ ਕਰਦਾ

ਨਾ ਰਿਸਤਾ ਨਿਭਾਇਆ ਜਾਂਦਾ

ਨਾ ਕਿਸੇ ਨਾਲ ਲੜਨ ਨੂੰ ਦਿਲ ਕਰਦਾ

ਨਾ ਹੱਸ ਕੇ ਜੀਅ ਹੁੰਦਾ,

ਨਾ ਮਰਨ ਨੂੰ ਦਿਲ ਕਰਦਾ

ਨਾ ਖਿਆਲਾ ਦੀ ਜੰਗ ਜਿੱਤੀ ਜਾਂਦੀ

ਨਾ ਹਰਨ ਨੂੰ ਦਿਲ ਕਰਦਾ

ਨਾ ਅੰਦਰ ਦਰਦ ਛੁਪਾਏ ਜਾਂਦੇ

ਨਾ ਅੱਖਾਂ ਭਰਨ ਨੂੰ ਦਿਲ ਕਰਦਾ

***************

## ਜਿੰਦਗੀ ਦੀ ਜੰਗ

ਜਿੰਦਗੀ ਵੀ ਨਾ ਜਾਣੇ ਕੀ ਅਜੀਬ ਅਜੀਬ

ਰੰਗ ਦਿਖਾਉਂਦੀ ਰਹੀ

ਨਿੱਤ ਨਵੇਂ ਜਿਉਣ ਦੇ ਢੰਗ ਸਿਖਾਉਂਦੀ ਰਹੀ।

ਹੁਣ ਬਦਲ ਰਹੇ ਨੇ ਰਿਸਤੇ

ਤੇ ਬਦਲ ਅੰਦਾਜ ਰਿਹਾ,

ਪਹਿਲਾਂ ਵਾਂਗ  ਹਰ ਇਕ ਨੂੰ

ਹੱਸ ਕੇ ਬੁਲਾਉਣ ਦਾ  ਨਾ ਰਿਵਾਜ਼ ਰਿਹਾ।

ਗਲ਼ੀ ਵਿਚ ਆਉਂਦੀ ਕੋਈ ਨਵੀਂ ਵਿਆਹੀ

ਪਹਿਲਾਂ ਸਭ ਭਾਬੀ ਭਾਬੀ ਕਹਿ ਮਖੌਲ ਕਰ ਲੈਂਦੇ ਸੀ

ਇੱਕ ਮਰਿਯਾਦਾ ਹੁੰਦੀ ਰਿਸਤਿਆਂ ਚ

ਨਾ ਮਾੜਾ ਬੋਲ ਕਿਸੇ ਨੂੰ ਕਹਿੰਦੇ ਸੀ।

ਪਰ ਹੁਣ ਕੋਈ ਕਿਸੇ ਨੂੰ ਕੁੱਝ ਕਹਿ ਕੇ ਤਾਂ ਵੇਖੇ

ਸਿੱਧਾ ਗਲ਼ ਨੂੰ ਆਉਂਦੇ ਦੇਖੇ ਨੇ,,,

ਅੱਜ  ਕੱਲ ਦੇਵਰ ਹੀ ਆਪਣੀ ਭਰਜਾਈਆਂ ਦੀ

ਇੱਜਤ  ਤੇ ਹੱਥ ਪਾਉਂਦੇ ਵੇਖੇ ਨੇ,,,

ਇੱਕ ਜੀਜੇ ਸਾਲੀ ਦਾ ਰਿਸਤਾ ਵੀ

ਕਿੰਨਾ ਪਾਕ ਪਵਿੱਤਰ ਮੰਨਿਆਂ ਜਾਂਦਾ ਸੀ

ਦੋਵਾਂ ਨੂੰ ਇੱਕ ਦੂਜੇ ਦਾ

ਇੱਕ ਚੰਗਾ ਮਿੱਤਰ ਮੰਨਿਆ ਜਾਂਦਾ ਸੀ।

ਪਰ ਅੱਜ ਕੱਲ ਸਾਲੀ ਜੀਜੇ ਨਾਲ

ਤੇ ਜੀਜਾ ਸਾਲੀ ਨਾਲ ਚੱਕਰ ਚਲਾਈ ਫ਼ਿਰਦੇ ਨੇ
ਭੁੱਲਕੇ ਲਾਜ ਸ਼ਰਮ ਨਾ ਜਾਣੇ ਕਿਉ

ਇਹਨਾਂ ਨੀਚੇ ਜਾ ਗਿਰਦੇ ਨੇ।

ਪਹਿਲਾਂ ਭੈਣ ਭਰਾ ਇੱਕ ਦੂਜੇ ਲਈ

ਹਿੱਕ ਤਾਣਕੇ ਖੜਦੇ ਸੀ,,

ਲੋੜ ਪੈਣ ਤੇ ਸਾਥ ਵੀ ਦਿੰਦੇ

ਬੇਸ਼ਕ ਕਿੰਨਾ ਹੀ ਲੜਦੇ ਸੀ,,

ਪਰ ਅੱਜ ਕੱਲ

ਨਨਾਣ ਭਰਜਾਈ ਦੀ ਨਾ ਬਣੇ ਆਪਸ ਚ

ਉਹ ਇੱਕ ਦੂਜੇ ਨੂੰ ਹੀ ਮਾੜਾ ਦੱਸਣ ਲੱਗ ਪਈਆਂ,,

ਜਦੋਂ ਭਰਾ  ਮੁੱਖ ਮੋੜ ਲੈਣ ਭੈਣਾਂ ਤੋ

ਤਾਂ ਧੀਆਂ  ਹਿੱਸੇ ਮੰਗਣ ਲੱਗ ਪਈਆਂ।

ਅਸਲ ਚ ਇਥੇ  ਕਿਸੇ ਦਾ ਨਾ ਕੋਈ ਕਸੂਰ

ਇਹ ਤਾਂ ਹੈ ਜਿੰਦਗੀ ਦਾ ਨਵਾਂ ਦਸਤੂਰ।

ਤਾਹੀਂ ਅੱਜ ਕੱਲ ਤਕਦੀਰ ਹੀ ਹਰ ਇਨਸਾਨ ਨੂੰ

ਲੜਨਾ ਜਿੰਦਗੀ ਦੀ ਜੰਗ ਸਿਖਾਉਂਦੀ ਰਹੀ,

ਨਿੱਤ ਨਵੇਂ ਜਿਉਣ ਦੇ ਢੰਗ ਸਿਖਾਉਂਦੀ ਰਹੀ।

ਜਿੰਦਗੀ ਵੀ ਨਾ ਜਾਣੇ ਕੀ ਅਜੀਬ ਅਜੀਬ

ਰੰਗ ਦਿਖਾਉਂਦੀ ਰਹੀ।

***************

# ਕਲ਼ਮ ਏ ਜਜਬਾਤ

ਤੂੰ  ਕਿਓਂ ਕਦਰ ਨਾ ਪਾਵੇ , ਮੇਰਿਆ ਜਜਬਾਤਾਂ ਦੀ
ਦੱਸ ਕਿੱਥੇ ਸੁੱਟ ਆਇਆ, ਮੇਰੀ ਸ਼ੀਸ਼ੀ ਦਵਾਤਾਂ ਦੀ

ਤੂੰ ਪਹਿਲਾ ਵਾਂਗੂੰ ਸ਼ਾਇਰਾਂ, ਸਿਆਹੀ ਹੁਣ ਘੋਲਦਾ ਹੀ ਨਹੀਂ
ਮੈ ਰਾਹਾਂ ਤੱਕਦੀ ਰਹਿਣੀ ਆ , ਤੂੰ ਮੇਰੇ ਨਾਲ  ਬੋਲਦਾ ਹੀ ਨਹੀਂ।

ਕਦੇ ਬੜੀ ਪਿਆਰੀ ਲਗਦੀ ਸੀ,  ਹਿੱਕ ਨਾਲ ਲਾਕੇ ਰੱਖਦਾ ਸੀ
ਤੂੰ ਅਪਣੀ ਹੱਡਬੀਤੀ , ਸਭ ਤੋਂ ਪਹਿਲਾ ਮੈਨੂੰ ਦੱਸਦਾ ਸੀ।

ਪਰ ਅੱਜ ਕੱਲ ਟਾਈਪਿੰਗ ਕਰਕੇ ਲਿਖਦਾ ਏ, ਮੇਰੇ ਨਾਲ ਦਿਲ ਖੋਲਦਾ ਹੀ ਨਹੀਂ,
ਮੈਂ ਰਾਹਾਂ ਤੱਕਦੀ ਰਹਿਣੀ ਅ◌ਾ, ਤੂੰ ਮੇਰੇ ਨਾਲ ਬੋਲਦਾ ਹੀ ਨਹੀਂ।

ਬੜਾ ਹੀ ਪਿਆਰਾਂ ਰਿਸਤਾ ਸੀ, ਮੇਰਾ ਇਹ ਕਲਮ ਸਿਆਹੀ ਦਾ
ਚੱਲ ਫਿਰ ਤੋਂ ਕੋਈ ਲਿਖੀਏ ਕਿੱਸਾ, ਕਿਸੇ ਸੋਹਣੇ ਮਾਹੀ ਦਾ।

ਤੂੰ ਕਲ਼ਮ  ਚੱਕ ਮਹਿਰਮਾਂ , ਕਿਉ ਵਰਕੇ ਫਰੋਲਦਾ ਹੀ ਨਹੀਂ
ਮੈਂ ਰਾਹਾਂ ਤੱਕਦੀ ਰਹਿਣੀ ਅ◌ਾ, ਤੂੰ ਮੇਰੇ ਬੋਲਦਾ ਹੀ ਨਹੀਂ।

******

## ਜੇ ਪਿਆਰ ਨਾ ਹੁੰਦਾ

ਜੇ  ਪਿਆਰ ਨਾ ਹੁੰਦਾ ਜੱਗ ਉੱਤੇ

ਤਾਂ ਕੋਈ ਕਿਸੇ  ਨੂੰ ਚਾਹੁੰਦਾ ਨਾ

ਨਾ ਦਿਲ ਟੁੱਟਦੇ ਆਸ਼ਿਕ਼ਾ ਦੇ

ਕੋਈ ਹੀਰਾਂ ਦੇ ਕਿੱਸੇ ਗਾਉਂਦਾ ਨਾ

ਨਾ ਬਣਦਾ ਮਿਰਜਾ ਕੋਈ ਪਿਆਰ ਪਾਉਣ ਖਾਤਰ

ਕੋਈ ਜਾਨ ਗਵਾਂ ਕੇ ਆਓਂਦਾ ਨਾ

ਇਹ ਇਸ਼ਕੇ ਦਾ ਚੰਦਰਾ ਰੋਗ ਭੈੜਾਂ

ਲੱਗ ਜਾਵੇ ਤਾਂ ਕੁੱਛ ਵੀ ਭਾਉਂਦਾ ਨਾ।

********

# ਅਸੀ ਹੋਰ ਕਿਸੇ ਨੂੰ ਚਾਉਣਾ ਨਹੀਂ

ਨੀ ਓਹ ਵਾਂਗ ਪਰਦੇਸੀ ਦੇ

ਕਦੇ ਕਦਾਈਂ ਮਿਲਣੇ ਆਓਂਦਾ ਐ

ਨਾ ਖੁੱਲ ਕੇ ਕਰਦਾ ਗੱਲ ਕੋਈ,

ਖੌਰੇ ਕੀ ਉਹ ਚਾਹੁੰਦਾ ਐ ..?

ਮੈਂ ਰਾਹਾਂ ਤੱਕਦੀ ਥੱਕਦੀ ਨਾ

ਕਦੇ ਕੋਠੇ ਚੜ ਬਹਿਣੀ ਆਂ

ਓਹਨੇ ਕਦੇ ਨਾ ਪੁੱਛਿਆ ਹਾਲ ਮੇਰਾ

ਮੈਂ ਕਿੱਦਾ ਓਹਦੇ ਬਿੰਨ ਰਹਿਣੀ ਆ

ਕੀ ਹੋਇਆ ਤੂੰ ਖੁੱਲ ਕੇ ਹੱਸਦੀ ਨਾ

ਕਈ ਬਾਰ ਮਾਂ ਮੈਨੂੰ ਪੁੱਛ ਲੈਂਦੀ

ਮੈਂ ਹੱਸ ਕੇ ਗੱਲ ਨੂੰ ਟਾਲ ਦੇਵਾ

ਹਰ ਦਮ ਓਹਦੇ ਖਿਆਲਾਂ ਦੇ ਵਿਚ ਖੋਈ ਰਹਿੰਦੀ।

ਅਸਾਂ ਯਾਦ ਸਹਾਰੇ ਦਿਨ ਕਟ ਲੈਣੇ

ਮੈਨੂੰ ਪਤਾ ਓਹਨੇ ਮੁੜ ਕੇ ਆਓਣਾ ਨਹੀਂ..,

ਕੀ ਹੋਇਆ ਜੇ ਓਹ ਭੁੱਲ ਗਏ ਰਾਹ ਸਾਡਾ,

ਅਸੀ ਵੀ ਹੋਰ ਕਿਸੇ ਨੂੰ ਚਾਹੁਣਾ ਨਹੀਂ..!!

*******

# ਇਸ਼ਕ਼ ਦਾ ਰੋਗ

ਕਿਉ ਦਿਲ ਓਹਦੇ ਨਾਮ ਕੀਤਾ

ਦੁੱਖਾਂ ਨੂੰ ਪੈਗਾਮ ਦਿੱਤਾ।

ਚੰਗਾ ਹੁੰਦਾ ਜੇ ਪਿਆਰ ਨਾ ਕਰਦੇ

ਕਿਸੇ ਉੱਤੇ ਇਤਬਾਰ ਨਾ ਕਰਦੇ।

ਬਸ ਆਪਣੇ ਆਪ ਚ ਮਸਤ ਰਹਿੰਦੇ

ਦਿਲ ਦੀ ਗੱਲ ਕਿਸੇ ਨੂੰ ਨਾ ਕਹਿੰਦੇ।

ਨਾ ਜਾਣੇ ਕਿਉ ? ਓਹਦੀਆ ਝੂਠੀਆ ਗੱਲਾ ਵਿਚ ਅਾ ਗਏ

ਓਹ ਇਸ਼ਕ ਦਾ ਚੰਦਰਾ ਕੈਸਾ ਰੋਗ ਲਾ ਗਏ।

ਹੁਣ ਤੜਫਦਾ ਰਹਿੰਦਾ ਦਿਲ ਵਿਚਾਰਾ

ਅੱਖਾਂ ਨੂੰ ਹੰਜੂ ਦੇ ਗਿਆ  ਓਹਦਾ ਲਾਰਾ।

ਹਾਰ  ਕੇ ਦਿਲ ਕਠੋਰ  ਬਣ  ਗਿਆ

ਹੱਸਦਾ ਚਿਹਰਾ ਅੱਜ ਕੁੱਛ ਹੋਰ ਹੀ ਬਣ ਗਿਆ।

********

# ਅਧੂਰੀ ਮੁਹੱਬਤ

ਕੁਛ ਨਾ ਸਮਝੀ ਮੇਰੀ ਸੀ

ਤੇ ਕੁੱਛ ਸੱਜਣ ਬੇਪਰਵਾਹ ਨਿਕਲੇ

ਓਹ ਜਾਂਦੇ ਜਾਂਦੇ ਐਸਾ ਰੋਗ ਲਗਾ ਗਏ

ਨਾ ਜੀਅ ਸਕੇ ਨਾ ਸਾਹ ਨਿਕਲੇ

ਹਰ ਪਾਸੇ ਬਸ ਯਾਦਾਂ ਦਾ ਘੇਰਾ

ਸੁੰਨਾ ਪਿਆ ਚਾਰ ਚੁਫ਼ੇਰਾ

ਖਾਮੋਸ਼ ਚਿਹਰਾ ਅੱਖਾਂ ਨਮ ਨੇ

ਲੋਕਾਂ ਲਈ ਹੱਸ ਰਿਹਾ ਉਂਝ ਲੱਖਾਂ ਗਮ ਨੇ

ਦਰਦ ਨਾਲ ਭਰਿਆ ਇੱਕ ਦਿਲ ਦਾ ਹਿੱਸਾ

ਕੀ ਸੁਣਾਵਾਂ  ਦੱਸ ਅਧੂਰੀ ਮੁਹੱਬਤ ਦਾ ਕਿੱਸਾ।

**********

## ਮਸ਼ਹੂਰ

ਅੰਬਰੀ ਟੁੱਟੇ ਤਾਰੇ ਵਾਂਗ ,

ਦਿਲ ਟੁੱਟ ਕੇ ਚੂਰਾ ਚੂਰ ਹੋਇਆ।

ਜਦ ਬਿਨਾ ਕਸੂਰ ਤੋ ਸਜਾ ਮਿਲੀ,

ਤੇ ਕਿਸਮਤ ਅੱਗੇ ਮੈਂ ਮਜਬੂਰ ਹੋਇਆ।

ਨਾ ਖੁੱਲ੍ਹ ਕੇ ਕਦੇ ਹੱਸ ਸਕੇ,

ਨਾ ਅੱਖੀਆਂ ਵਿੱਚੋ ਨੂਰ ਚੋਇਆ।

ਫ਼ਿਰ ਵੀ ਇਹ ਕਿੱਸਾ ਸਾਡੀ ਯਾਰੀ ਦਾ,

ਨਾ ਜਾਣੇ ਕਿਹੜੀ ਗੱਲੋ ਮਸ਼ਹੂਰ ਹੋਇਆ?

*********

# ਇਸ਼ਕ਼ ਦੇ ਪੈਂਡੇ

ਆਪਣੇ ਮੀਤ ਪੁੰਨੂੰ ਨੂੰ ਪਾਵਨ ਲਈ,

ਸੱਸੀ ਨੇ ਵੇਖਿਆ ਨਾ ਲੰਮੇ ਰਾਹਾਂ ਨੂੰ ..!!

ਤੱਤੀ ਰੇਤ ਤੇ ਤੁਰਕੇ ਨੰਗੇ ਪੈਰੀ ,

ਸਭ ਭੁੱਲ ਗਈ ਆਪਣੇ ਚਾਵਾ ਨੂੰ ..!!

ਪਿਆਰ ਆਪਣੀ ਹੀਰ ਦਾ ਪਾਵਨ ਲਈ ,

ਰਾਂਝਾ ਰਿਹਾ ਚਰਾਉਂਦਾ ਮੱਝੀਆਂ ਗਾਵਾਂ ਨੂੰ ..!!

ਇਹਦੇ ਚ ਰੂਹ ਵੱਸਦੀ ਹੈ ਮੇਰੀ ਵੈ ,

ਸਾਹਿਬਾ ਕੀਤੀ ਅਰਜ ਭਰਾਵਾਂ ਨੂੰ ..!!

ਇਹ ਇਸ਼ਕ ਦੇ ਪੈਂਡੇ ਬੜੇ ਔਖੇ ,

ਜਰਾ ਸੰਭਲ ਕੇ ਚਲਿਓਂ ਇਹਨਾਂ ਰਾਹਾਂ ਨੂੰ ..!!

ਮਿਲ ਜਾਵੇ ਕਿਸੇ ਸੋਨੀ ਨੂੰ ਮਹੀਂਵਾਲ ਆਪਣਾ ,

ਰੱਬਾ ਕਬੂਲ ਕਰੀ ਤੂੰ ਐਸੀਅ ਾ ਦੁਆਵਾਂ ਨੂੰ ..!!

*********

## ਸ਼ੀਸ਼ੇ ਦਾ ਦਿਲ

ਜਿੱਥੇ

ਨਾ ਜਜਬਾਤਾਂ ਦੀ ਕਦਰ

ਨਾ ਇਨਸਾਨ ਦੀ ਕਦਰ

ਉੱਥੇ,

ਕਈ ਉਮੀਦਾ ਜਗਾ ਕੇ ਆ ਗਏ

ਇਸ ਪੱਥਰ ਦੀ ਦੁਨੀਆਂ ਵਿੱਚ

ਨਾ  ਜਾਣੇ ਕਿਉ?  ਸ਼ੀਸ਼ੇ ਦਾ ਦਿਲ ਲੈ ਆ ਗਏ

ਨਾ ਫ਼ਿਕਰ ਕੋਈ

ਨਾ ਜਿਕਰ ਕੋਈ

ਉੱਥੇ ,

ਰਿਸਤੇ ਬਣਾ ਕੇ  ਆ ਗਏ

ਇਸ ਪੱਥਰ ਦੀ ਦੁਨੀਆਂ ਵਿੱਚ

ਨਾ ਜਾਣੇ ਕਿਉ ? ਸ਼ੀਸ਼ੇ ਦਾ ਦਿਲ ਲੈ ਆ ਗਏ

ਨਾ ਆਪਣਾਪਨ

ਨਾ ਪਾਗਲਪਨ

ਉੱਥੇ

ਸਾਡੇ ਰੁਲ ਵੀ ਸਾਰੇ ਚਾਅ ਗਏ

ਇਸ ਪੱਥਰ ਦੀ ਦੁਨੀਆ ਵਿਚ

ਨਾ ਜਾਣੇ ਕਿਉ? ਸ਼ੀਸ਼ੇ ਦਾ ਦਿਲ ਲੈ ਆ ਗਏ

ਨਾ ਤੁੜ ਹੋਇਆ

ਨਾ ਜੁੜ ਹੋਇਆ

ਓਹ ਦਿਲ ਇੰਝ ਚੁਰਾ ਕੇ ਚਲੇ ਗਏ

ਨਾ ਓਹ ਰੱਖ ਸਕੇ

ਨਾ ਉਤੋਂ ਮੁੜ ਹੋਇਆ।

ਓਹ  ਇੰਝ ਹੱਸਦੇ ਹੱਸਦੇ ਚਲੇ ਗਏ

ਤੇ ਅਸੀ ਆਪਣਾ ਆਪ ਗਵਾ ਕੇ ਆ ਗਏ

ਇਸ ਪੱਥਰ ਦੀ ਦੁਨੀਆ ਵਿੱਚ

ਨਾ ਜਾਣੇ ਕਿਉ?

ਸ਼ੀਸ਼ੇ ਦਾ ਦਿਲ ਲੈ ਆ ਗਏ

********

# ਜਜ਼ਬਾਤ

ਮੈਂ ਹਰ ਵਕਤ ਬੈਠੀ ਸੋਚਦੀ ਹਾਂ

ਫਿਰ ਰਹਿਣੀ ਖੁੱਦ ਨੂੰ ਟੋਕਦੀ ਹਾ

ਕਿਉ ਜਨਮ ਲਿਆ ਮੈਂ ਇਸ ਧਰਤੀ ਤੇ

ਏਥੇ ਹਰ ਬੰਦਾ ਬੰਦੇ ਦਾ ਵੈਰੀ ਏ...,

ਕਿੰਝ ਵਿਸ਼ਵਾਸ ਕਰਾ ਮੈਂ ਲੋਕਾਂ ਤੇ

ਏਥੇ ਨਿੱਤ ਚੱਲਦੀ ਹੇਰਾ ਫੇਰੀ ਏ...,,

ਬੇਸ਼ਕ ਹੱਕ ਬਰਾਬਰ ਮਿਲੇ ਇੱਕ ਔਰਤ ਨੂੰ

ਪਰ ਜਨਤਾ ਅੱਜ ਵੀ ਰੋਕਦੀ ਬਥੇਰੀ ਏ..,

ਅੱਜ ਘਰ ਵਿੱਚ ਵੀ ਲੜਕੀ safe ਨਹੀਂ ,

ਐਸੇ ਵਕਤ ਦੀ ਚੱਲੀ ਹਨੇਰੀ ਏ...,,

ਨਿੱਤ ਹੁੰਦੀਆ ਵਾਰਦਾਤਾਂ ਰੇਪ ਦੀਆਂ

ਸੁਣ ਰੂਹ ਕੰਬ ਜਾਂਦੀ ਮੇਰੀ ਏ,

ਬਸ ਇਹੋ ਡਰ ਰਹਿੰਦਾ ਹਰ ਮਾਪਿਆਂ ਨੂੰ

ਤਾਹੀਂ ਚਿੰਤਾ ਕਰਦੀ ਰਹਿੰਦੀ ਮਾਂ ਮੇਰੀ ਏ...!!

ਜੋਂ ਆਪਣਿਆਂ ਖਾਤਿਰ ਛੱਡੇ ਮੈ

ਉਹ ਖੁਆਬ ਮੇਰਿਆ ਦੀ ਢੇਰੀ ਏ..,

ਕਿਉ ਖੁੱਦ ਦੇ ਫੈਂਸਲੇ ਲੈਣ ਦਾ ਹੱਕ ਨਹੀਂ

ਜਦਕਿ ਇਹ ਜ਼ਿੰਦਗੀ ਤਾਂ ਸੱਜਣਾ ਮੇਰੀ ਏ..,

ਇਹ ਜ਼ਿੰਦਗੀ ਤਾਂ ਸੱਜਣਾ ਮੇਰੀ ਏ..!!

*******

# ਦਿਲ ਤੋ ਦਿਲ ਤੱਕ

ਬਿੰਨ ਕਹੇ ਬਿੰਨ ਬੋਲੇ

ਦਿਲ ਦੇ ਜਜਬਾਤ ਪੜ ਲੈਣਾ

ਫ਼ਿਰ ਦਿਲ ਤੇ ਦਿਮਾਗ ਦਾ

ਆਪਸ ਵਿੱਚ ਲੜ ਪੈਣਾ

ਬਿੰਨ ਸੰਗੀਤ ਤੇ ਸਾਜ਼ ਬਿਨਾ

ਜਦ ਚੜਿਆ ਹੋਵੇ ਚਾਅ

ਸ਼ਾਇਦ ! ਇਹੀ ਹੈ

"ਦਿਲ ਤੋ ਦਿਲ ਤੱਕ " ਜਾਣ ਦਾ ਰਾਹ

********

## ਖੁਦ ਨਾਲ ਬਾਤਾਂ

ਦਿਲ ਵਿਚ ਛਪੀ ਤਸਵੀਰ ਤੇਰੀ

ਤੇ ਬੁੱਲ੍ਹਾ ਤੇ ਵੀ ਨਾਮ ਤੇਰਾ

ਮੇ ਹੋਸ਼ ਅਪਣਾ ਖੋ ਬੈਠਾ

ਜਦ ਹੱਥ ਲਵੇ ਤੂੰ ਥਾਮ ਮੇਰਾ!

ਹਰ ਪਲ ਕਰਕੇ ਤੇਰਾ ਜਿਕਰ

ਗੀਤ ਮੇਂ ਗਾਉਂਦਾ ਰਹਿੰਦਾ ਹਾਂ

ਤੂੰ ਹੋਵੇ ਨਾ ਜਦ ਕੋਲ

ਮੇਂ ਖੁਦ ਨਾਲ਼ ਬਾਤਾਂ ਪਾਉਂਦਾ ਰਹਿੰਦਾ ਹਾਂ,,,,

ਤੂੰ ਇੱਕ ਦਿਨ ਮੇਰੀ ਜਿੰਦਗੀ ਦਾ

ਹਿੱਸਾ ਬਣ ਜਾਣਾ

ਮੇਰੀ ਅਧੂਰੀ ਕਹਾਣੀ ਦਾ

ਇੱਕ ਕਿੱਸਾ ਬਣ ਜਾਣਾ,,,

ਤਾਹੀਂ ਮੇਂ ਰਾਜਾ ਇੱਕ ਰਾਣੀ ਦੇ

ਬੈਠਾ ਖੁਆਬ ਸਜਾਉਂਦਾ ਰਹਿੰਦਾ ਹਾਂ,,

ਹਰ ਪਲ ਕਰਕੇ ਤੇਰਾ ਜਿਕਰ

ਗੀਤ ਮੇਂ ਗਾਉਂਦਾ ਰਹਿੰਦਾ ਹਾਂ,,

ਤੂੰ ਹੋਵੇ ਨਾ ਜਦ ਕੋਲ

ਮੈਂ ਖੁਦ ਨਾਲ਼ ਬਾਤਾਂ ਪਾਉਂਦਾ ਰਹਿੰਦਾ ਹਾਂ,

********

## ਤਸਵੀਰ ਵਿਚ ਕੈਦ

ਧੁੱਪ ਵਿੱਚ ਕਣੀਆਂ ਪੈਣ ਲੱਗੀਆਂ
ਜਦ ਪਿੰਡ ਸਾਡੇ ਤੂੰ ਪੈਰ ਪਾਇਆ
ਹਵਾਵਾਂ ਨੇ ਰੁੱਖ ਬਦਲ ਲਿਆ
ਤੂੰ ਦਿਲ ਤੇ ਐਸਾ ਕਹਿਰ ਢਾਇਆ
ਮੈਨੂੰ ਪਿਆਰ ਦੇ ਅਹਿਸਾਸ ਕਰਾ ਗਈ ਨੀ
ਤੇਰੀ ਛੋਹ ਬੁੱਲ੍ਹਾ ਨੂੰ...,,
ਤੇਰਾ ਹਾਸਾ ਮਹਿਕਣ ਲਾ ਗਿਆ ਨੀ
ਕਿੱਕਰਾਂ ਦੇ ਫੁੱਲਾਂ ਨੂੰ...,,

ਦੇਖ ਮੋਰਾ ਵਰਗੀ ਚਾਲ ਤੇਰੀ
ਅਸਮਾਨੀ ਬਿਜਲੀ ਚਮਕ ਪਈ
ਤੇਰੀ ਟੇਡੀ ਟੇਡੀ ਤੱਕਣੀ ਤੇ ਜਦ
ਪੈਰਾਂ ਦੀ ਝਾਂਜਰ ਛਣਕ ਪਈ।
ਵਾਹ ਸਦਕੇ ਤੇਰਿਆ ਨਖਰਿਆ ਤੇ
ਤੇ ਤੌਬਾ ਤੇਰੀਆਂ ਅਣਭੋਲ ਭੁੱਲਾਂ ਨੂੰ...,,
ਤੇਰਾ ਹਾਸਾ ਮਹਿਕਣ ਲਾ ਗਿਆ ਨੀ
ਕਿੱਕਰਾਂ ਨੂੰ ਦੇ ਫੁੱਲਾਂ ਨੂੰ...,,

ਦਿਲ ਕੀਤਾ ਤੇਰੀ ਬੋਲੀ ਤੇ

ਕੋਈ ਗ਼ਜਲ ਜਾਂ ਫ਼ਿਰ ਗੀਤ ਲਿਖਾਂ

ਲਿਖਾ ਨਗ਼ਮਾ ਕੋਈ ਪਿਆਰ ਵਾਲਾ

ਤੇ ਵਿਚ ਨਾਮ ਤੇਰਾ ਪ੍ਰੀਤ ' ਲਿਖਾ

ਇੱਕ ਤਸਵੀਰ ਬਣਾਕੇ ਤੇਰੀ ਮੈ

ਵਿੱਚ ਕੈਦ ਕਰ ਲਵਾਂ ਤੇਰੀਆਂ ਸਭ ਗੱਲਾਂ ਨੂੰ

ਤੇਰਾ ਹਾਸਾ ਮਹਿਕਣ ਲਾ ਗਿਆ ਨੀ

ਕਿੱਕਰਾਂ ਦੇ ਫੁੱਲਾਂ ਨੂੰ...,,

**********

# ਇੱਕ ਕੁੜੀ

ਮੈਂ ਬੋਦੀਆ ਬਾਉਂਦਾ  , ਓਹ  ਦੋ ਗੁੱਤਾ ਵਿਚ ਜੱਚਦੀ ਸੀ।
ਮੈਂ ਕੁੜਤੇ ਪਜ਼ਾਮੇ ਪਾਉਂਦਾ , ਤੇ  ਓਹ ਸੂਟਾਂ ਵਿਚ ਫੱਬਦੀ ਸੀ।

ਮੈਂ ਜਮਾਨੇ ਤੋ ਡ਼ੁਰਦਾ, ਕਿ ਦੁਨੀਆਂ ਵੇਖ ਕੇ ਮੱਚਦੀ ਸੀ।
ਮੈਂ ਛਤਰੀ ਲੈ ਤੁਰਦਾ,  ਤੇ ਓਹ ਕਣੀਆਂ ਵਿੱਚ ਨੱਚਦੀ ਸੀ।

ਮੈਂ ਖਾਮੋਸ਼ ਹੋਇਆ ਰਹਿੰਦਾ , ਓਹ ਸਦਾ ਖਿੜ ਖਿੜ ਹੱਸਦੀ ਸੀ।
ਮੈਂ ਜ਼ਜ਼ਬਤਾਂ ਵਿੱਚ ਬੜਾ ਵਹਿੰਦਾ, ਤੇ ਓਹ ਸਭ ਖੁੱਲ ਕੇ ਦੱਸਦੀ ਸੀ।

ਮੈਂ ਇੱਕ ਗੁੰਮਨਾਮ ਜਿਹਾ ਸ਼ਾਇਰ , ਓਹ ਸਭ ਦੇ ਦਿਲਾਂ ਵਿਚ ਵਸਦੀ ਸੀ।
ਮੈਂ ਲਿਖਣ ਵਿਚ ਮਾਹਿਰ, ਤੇ ਓਹ ਸਭ ਨੈਣਾਂ ਨਾਲ ਦੱਸਦੀ ਸੀ।

ਮੈ  ਇਸ ਗੱਲ ਤੋ ਵਾਕਿਫ਼  , ਓਹ ਸਭ ਖੋਹਣ ਤੋਂ ਡਰਦੀ ਸੀ।
ਮੈ ਬੇਪਰਵਾਹ ਜਿਹਾ ਆਸ਼ਿਕ , ਤੇ ਓਹ ਫ਼ਿਕਰ ਬੜਾ ਕਰਦੀ ਸੀ।

ਮੈਂ  ਬੱਬੂ ਮਾਨ ਨੂੰ ਸੁਣਦਾ,  ਓਹ ਸ਼ਿਵ ਨੂੰ ਪੜ੍ਹਦੀ ਸੀ।
ਮੈਂ ਖੁਆਬਾਂ ਦੇ ਮਹਿਲ ਬੁਣਦਾ, ਤੇ ਓਹ ਹਾਲਾਤਾਂ ਨਾਲ ਲੜਦੀ ਸੀ।

ਮੈਂ  ਨਿੱਤ ਹੀਰੇ ਤਰਾਸ਼ਾ , ਓਹ ਸੀਰਤ ਤੇ ਮਰਦੀ ਸੀ।
ਮੈਂ ਦਿਲ ਓਹਦੇ ਨਾਮ ਲਾਤਾ, ਤੇ ਓਹ ਵੀ  ਮੇਰਾ ਦਿਲ ਤੋ ਕਰਦੀ ਸੀ।

********

## ਇਸ਼ਕ ਹੁਲਾਰੇ

ਤੂੰ ਤੱਕ ਕੇ ਮੇਰੇ ਵੱਲ ਸੱਜਣਾ
ਜਦ ਨੀਵੀਂ ਪਾ ਲੈਂਦਾ
ਮੈਂ ਕਈ ਵਾਰੀ ਪੁੱਛਣਾ ਚਾਵਾ
ਪਰ ਤੂੰ ਬੋਲ ਕੇ ਨਾ ਕੁੱਛ ਕਹਿੰਦਾ।

ਹੈ ਪਿਆਰ ਤੇਰੇ ਵੀ ਦਿਲ ਅੰਦਰ
ਇਹ ਤੇਰੀਆ ਅੱਖਾਂ ਦੱਸਦੀਆਂ ਨੇ
ਮੇਰੇ ਦਿਲ ਵਿੱਚ ਛਪੀ ਤਸਵੀਰ ਤੇਰੀ
ਤੇ ਯਾਦਾਂ ਲੱਖਾ ਵਸਦੀਆਂ ਨੇ।

ਨਿੱਤ ਪੈਂਦੇ ਇਸ਼ਕ ਹੁਲਾਰੇ ਸੱਜਣਾ
ਅੱਜ ਫ਼ਿਰ ਬਰਸਾਤ ਹੋਈ
ਤੈਨੂੰ ਕਰਕੇ ਚੇਤੇ ਸੱਜਣਾ,
ਤੇਰੇ ਖਿਆਲਾਂ ਦੇ ਵਿੱਚ ਖੋਈ।

********

## ਦੋਸਤੀ ਦਾ ਵਾਅਦਾ

ਹਰ ਪਲ ਸਾਥ ਨਿਭਾਉਣ ਦਾ ਵਾਅਦਾ , ਕਈ ਤੋੜ ਕੇ ਚਲੇ ਗਏ

ਦੋਸਤੀ ਦੇ ਮਜ਼ਬੂਤ ਬੰਧਨ ਦਾ ਧਾਗਾ , ਕਈ ਖੋਲ ਕੇ ਚਲੇ ਗਏ

ਆਪਣਾਪਨ ਤੇ ਪਿਆਰ ਦੇ ਸ਼ਬਦ , ਸਭ ਮਿੱਟੀ ਹੋ ਗਏ

ਵੱਜਾ ਵਿਸ਼ਵਾਸ਼ਘਾਤ ਦਾ ਡੰਕਾ, ਤੇ ਸਭ ਮਤਲਬੀ ਹੋ ਗਏ

ਪਿਆਰ ਦੋਸਤੀ ਸਭ ਤੋਂ ਯਕੀਨ ਜੇਹਾ ਉੱਠ ਗਿਆ

ਸੱਚ ਦੱਸਾਂ ਤਾਂ ਦਿਲ ਅੰਦਰੋ ਅੰਦਰੀ ਟੁੱਟ ਗਿਆ।

ਕੋਈ ਆਵੇ ਕੋਈ ਜਾਵੇ, ਹੁਣ ਕੋਈ ਖਾਸ ਫਰਕ ਨਹੀਂ ਪੈਂਦਾ

ਜੀਹਨੇ ਜੋ ਕਰਨਾ ਕਰੀ ਜਾਓ , ਹੁਣ ਕੁੱਛ ਮੈਂ ਨਹੀਂ ਕਹਿੰਦਾ।

ਪਿੱਠ ਪਿੱਛੇ ਕੀਤੀਆਂ ਚਲਾਕੀਆਂ ਨੇ ਚਲੋ ਕੋਈ ਚੰਗਾ ਸਬਕ ਸਿਖਾਇਆ

ਕੌਣ ਅਪਣਾ ਤੇ ਕੌਣ ਬੇਗ਼ਾਨਾ ਸਭ ਦੇ ਅਸਲੀ ਚਿਹਰਾ ਦਿਖਾਇਆ ।

********

# ਨਿਜਾਤ ਨਾ ਮਿਲੀ

ਜਵਾਨੀ ਖਾ ਗਏ ਪਿਆਰਾਂ ਵਾਲੇ ਸੋਦੇ

ਤੇ ਕਈ ਕਾਸਿਰ ਮਜਬੂਰ ਹੋਏ

ਅਸਾਨੀ ਨਾਲ ਮਿਲੇ ਨਾ ਪਿਆਰ ਕਿਸੇ ਮਹਰਮ ਨੂੰ

ਜਿੰਦਗੀ ਦੇ ਐਸੇ ਦਸਤੂਰ ਹੋਏ

ਦੁੱਖਾਂ ਪਾ ਲਿਆ ਚਾਰੇ ਪਾਸੇ ਘੇਰਾ

ਖੁਸ਼ੀਆਂ ਦੀ ਕੋਈ ਸੌਗਾਤ ਨਾ ਮਿਲੀ

ਸੱਚ ਨਾਲ਼ ਲੜਦੇ ਨਿੱਕੀ ਉਮਰੇ ਗਏ ਜਿਹੜੇ ਮਾਰੇ

ਓਹਨਾਂ ਨੂੰ ਹਜੇ ਨਿਜਾਤ ਨਾ ਮਿਲੀ

ਕਈ ਮਾੜੀ ਅੱਖ ਰੱਖਦੇ  ਧੀ ਬੇਗਾਨੀ ਤੇ

ਇਜ਼ਤਾਂ ਨਾਲ ਖਿਲਵਾੜ ਕਰਦੇ

ਮੂੰਹ ਤੇ ਬਣਦੇ ਨੇ ਲੋਕੀ ਮਿਆਂ ਮਿੱਠੂ

ਤੇ ਪਿੱਠ ਪਿੱਛੋਂ ਵਾਰ ਚਲਦੇ

ਜਿਹੜੀ ਬੈਠ ਕੇ ਸੁਣਾਵਾਂ ਤੈਨੂੰ ਚਾਵਾ ਨਾਲ਼

ਵੈ ਐਸੀ ਕੋਈ ਬਾਤ ਨਾ ਮਿਲੀ..,,

ਸੱਚ ਨਾਲ ਲੜਦੇ ਨਿੱਕੀ ਉਮਰੇ ਗਏ ਜਿਹੜੇ ਮਾਰੇ

ਓਹਨਾ ਨੂ ਹਜੇ ਨਿਜਾਤ ਨਾ ਮਿਲੀ

********

# ਕਲ਼ਮ ਦੇ ਬੋਲ

ਤੇਰੇ ਬਾਰੇ ਲਿਖਦੇ ਲਿਖਦੇ

ਕਲਮ ਵੀ ਤੇਰੀ ਦੀਵਾਨੀ ਹੋ ਚੱਲੀ

ਇਹ ਹਰ ਪਲ ਪੁੱਛਦੀ ਤੇਰੇ ਬਾਰੇ

ਜਦ ਮੈਂ ਬੈਠੀ ਹੋਵਾਂ ਕੱਲੀ।

ਕੌਣ ਹੈ? ਉਹ ਸ਼ਖ਼ਸ

ਜੋ ਹਰ ਦਮ ਤੇਰੇ ਖਿਆਲਾਂ ਚ ਰਹਿੰਦਾ

ਨਾ ਸੌਣ ਦਵੇ, ਨਾ ਰੋਣ ਦਵੇ

ਐਸਾ ਕੌਣ ਹੈ ਜੋ ਦਿਲ ਵਿੱਚ ਰਹਿੰਦਾ।

ਮੈਂ ਕਲਮ ਦੇ ਸੁਣਕੇ ਬੋਲਾ ਨੂੰ

ਇੱਕ ਅਨੋਖਾ ਦਰਦ ਹੀ ਛੇੜ ਲਿਆ

ਨਾ ਬੋਲ ਕੇ ਕੁੱਝ ਮੈਂ ਕਹਿ ਪਾਈ

ਜਦ ਓਹਦੀਆਂ ਯਾਦਾ ਨੇ ਮੈਨੂੰ ਘੇਰ ਲਿਆ।

ਇਹ ਵੇਖ ਕੇ ਕਲਮ ਫ਼ਿਰ ਕਹਿਣ ਲੱਗੀ,

ਚੱਲ ਛੱਡ ਦਿਲਾ ਤੂੰ ਉਦਾਸ ਨਾ ਹੋ।

ਤੂੰ ਬਸ ਲਿਖੀ ਚੱਲ

ਤੇ ਆਸ ਨਾ ਖੋ।

# ਸ਼ਗਨਾਂ ਦੇ ਗੀਤ

ਸਦੀਆਂ ਦੀ ਮੁੱਕੀ ਮੇਰੀ ਉਡੀਕ ਵੈ

ਗਾਓ ਸ਼ਗਨਾਂ ਦੇ ਕੋਈ ਗੀਤ ਵੈ

ਅੱਜ ਮਾਹੀ ਨੇ ਆਉਣਾ ਘਰ ਮੇਰੇ...,

ਓਹਨੂੰ ਵੇਖਣ ਲਈ ਦਿਲ ਮੁਸ਼ਤਾਕ ਵੈ

ਸਾਰੇ ਬੰਧਨਾਂ ਨੂੰ ਕਰੋ ਅੱਜ ਨਿਜਾਤ ਵੈ

ਅੱਜ ਮਾਹੀ ਨੇ ਆਉਣਾ ਘਰ ਮੇਰੇ...,

ਮਨ ਨਚਦਾ ਫਿਰੇ ਦਿਲ ਬਾਗੋ ਬਾਗ਼ ਵੈ

ਗੁਲਾਬੀ ਫੁੱਲਾਂ ਦੀ ਕਰੋ ਬਰਸਾਤ ਵੈ

ਅੱਜ ਮਾਹੀ ਨੇ ਆਉਣਾ ਘਰ ਮੇਰੇ...,

ਵ੍ਰਸਾ ਬਾਅਦ ਪਈ ਜਿਵੇਂ ਸੀਨੇ ਵਿਚ ਜਾਨ ਵੈ

ਮੱਲੋਮੱਲੀ ਆਵੇ ਚਿਹਰੇ ਤੇ ਮੁਸਕਾਨ ਵੈ

ਅੱਜ ਮਾਹੀ ਨੇ ਆਉਣਾ ਘਰ ਮੇਰੇ....,

********

# ਤੇਰਾ ਪਿਆਰ

ਜਿੱਥੇ ਮਿਲੇ ਪਹਿਲੀ ਬਾਰ , ਓਹ ਤੇਰਾ ਪਿੰਡ ਵੇਖਿਆ
ਤੇਰੀਆਂ ਅੱਖਾਂ ਵਿਚੋਂ , ਮੈਂ ਅਪਣੀ ਰੂਹ ਦਾ ਪ੍ਰਤੀਬਿੰਬ ਵੇਖਿਆ

ਤੂੰ ਬੁਲਾਇਆ ਪਿਆਰ ਨਾਲ ਜਦ ,  ਵੱਖਰਾ ਸਰੂਰ ਚੜ੍ਹਿਆਂ
ਤੇਰੇ ਚਿਹਰੇ ਵਿੱਚੋਂ ਸੱਜਣਾ, ਜਿਵੇਂ ਰੱਬੀ ਨੂਰ ਵਰ੍ਹਿਆਂ।

ਤੇਰਾ  ਪਿਆਰ ਮੇਰੇ ਲਈ , ਮੇਰੇ ਮੌਲਾ ਦੀ ਰਬਾਬ ਵਰਗਾ
ਵੈ ਮੈਨੂੰ ਹਕੀਕਤ ਨਾਲੋ ਜਿਆਦਾ, ਇਹ ਖੁਆਬ ਲਗਦਾ

ਤੂੰ ਮੇਰੇ ਸੁਪਨਿਆਂ ਦਾ ਰਾਜਾ , ਮੈਂ ਤੇਰੀ ਰਾਣੀ ਸੱਜਣਾ
ਵੈ ਸਾਰੀ ਦੁਨੀਆ ਤੋ ਵੱਖ, ਅਪਣੀ ਇਸ਼ਕ਼ ਕਹਾਣੀ ਸੱਜਣਾ।

ਮੇਰੀ ਚਾਹਤ ਨਜ਼ਮਾਂ ਤੇ ਗਜ਼ਲਾਂ , ਤੇ ਤੂੰ ਵੀ ਮੈਨੂੰ ਅੱਗੋ ਮਜਨੂਨ ਮਿਲਿਆ
ਵੈ ਮੇਰੀ ਜਿੰਦਗੀ ਸ਼ੋਰ ਜਹੀ , ਤੂੰ ਆਇਆ ਤਾਂ ਦਿਲ ਨੂੰ ਸਕੂਨ ਮਿਲਿਆ।

*******

## ਖ਼ਿਆਲ ਤੇ ਹਕੀਕਤ

ਖਿਆਲਾਂ ਚ ਇੱਕ ਮੇਂ ਆਜ਼ਾਦ ਪਰਿੰਦਾ

ਹਕੀਕਤ ਚ ਪੈਰ ਜੰਜੀਰਾਂ ਨੇ

ਖਿਆਲਾਂ ਚ ਹੱਕਾਂ ਲਈ ਜੰਗ ਚੱਲੇ

ਹਕੀਕਤ ਚ ਮਰ ਚੁੱਕੀਆਂ ਜਮੀਰਾਂ ਨੇ

ਖਿਆਲਾਂ ਚ ਹੋਵੇ ਮੁਲਾਕਾਤ ਸੱਜਣ ਨਾਲ

ਹਕੀਕਤ ਚ ਕੋਲ਼ ਬਸ ਤਸਵੀਰਾਂ ਨੇ


ਖਿਆਲਾਂ ਚ ਪਾਈ ਹਰ ਸ਼ੈਅ ਦੁਨੀਆ ਦੀ

ਹਕੀਕਤ ਚ ਕਿਓ ਫੁੱਟੀਆਂ ਤਕਦੀਰਾਂ ਨੇ

ਖਿਆਲਾਂ ਚ ਚਿਹਰਾ ਖਿੜਿਆ ਰਹਿੰਦਾ

ਹਕੀਕਤ ਚ ਤਾਂ ਸਿਰਫ਼ ਪੀੜਾਂ ਨੇ...,

*******




**Nisha Verma**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com